T11-407 – Punjabi – Arial Unicode MS font
40 pages

# K-8 ਕੈਲੀਫ਼ੋਰਨੀਆ ਦੇ ਸਾਂਝੇ ਕੇਂਦਰੀ ਮਿਆਰ (ਕਾਮਨ ਕੋਰ ਸਟੈਂਡਰਡਸ)

# ਮਾਤਾ/ਪਿਤਾ ਲਈ ਹੱਥ ਕਿਤਾਬਚਾ

PUNJABI VERSION

© 2013 ਕੈਲੀਫ਼ੋਰਨੀਆ ਕਾਉਂਟੀ ਸੁਪਰਿਨਟੇਨਡੇਂਟ ਐਜੂਕੇਸ਼ਨਲ ਸਰਵਿਸਿਜ਼ ਐਸੋਸਿਏਸ਼ਨ

T11-407 – Punjabi – Arial Unicode MS font
40 pages

CCSESA ਕੈਲੀਫ਼ੋਰਨੀਆ ਕਾਉਂਟੀ ਸੁਪਰਿਨਟੇਨਡੇਂਟ
ਐਜੂਕੇਸ਼ਨਲ ਸਰਵਿਸਿਜ਼ ਐਸੋਸਿਏਸ਼ਨ
© 2013 ਕੈਲੀਫ਼ੋਰਨੀਆ ਕਾਉਂਟੀ ਸੁਪਰਿਨਟੇਨਡੇਂਟ ਐਜੂਕੇਸ਼ਨਲ ਸਰਵਿਸਿਜ਼ ਐਸੋਸਿਏਸ਼ਨ

ਵਿੱਤੀ ਸਹਾਇਤਾ ਇਹਨਾਂ ਦੁਆਰਾ ਮੁਹੱਈਆ ਕਰਾਈ ਗਈ
ਵਿਲੀਅਮ ਐਂਡ ਫਲੋਰਾ ਹੈਵਲੇਟ ਫਾਉਂਡੇਸ਼ਨ

ਕੈਲੀਫ਼ੋਰਨੀਆ ਡਿਪਾਰਟਮੈਂਟ ਆਫ਼ ਐਜੂਕੇਸ਼ਨ (CDE) ਇਸ ਦਸਤਾਵੇਜ਼ ਦਾ ਅਨੁਵਾਦ ਕਰਨ ਲਈ ਕਿਰਪਾਲੂ ਇਜਾਜ਼ਤ ਦੇਣ ਵਾਸਤੇ ਕੈਲੀਫ਼ੋਰਨੀਆ ਕਾਉਂਟੀ ਸੁਪਰਿਨਟੇਨਡੇਂਟ ਐਜੂਕੇਸ਼ਨਲ ਸਰਵਿਸਿਜ਼ ਐਸੋਸਿਏਸ਼ਨ (CCSESA) ਨੂੰ ਅਤੇ ਸਕਾਰਾਮੈਂਟੋ ਕਾਉਂਟੀ ਆਫਿਸ ਆਫ ਐਜੂਕੇਸ਼ਨ (SCOE) ਨੂੰ ਧੰਨਵਾਦ ਦਿੰਦਾ ਹੈ ਅਤੇ ਪ੍ਰਸ਼ੰਸਾ ਕਰਦਾ ਹੈ।

ਇਹ ਅਨੁਵਾਦ ਸਕੂਲਾਂ ਨੂੰ ਤਕਨੀਕੀ ਸਹਾਇਤਾ ਦੇ ਰੂਪ ਵਿੱਚ ਮੁਹੱਈਆ ਕੀਤੀ ਜਾਂਦਾ ਹੈ, ਤਾਂ ਜੋ ਅਧਿਆਪਕ ਮਾਪਿਆਂ ਨਾਲ ਕਾਨਫਰੰਸ ਵਿੱਚ ਅਤੇ ਮਾਪਿਆਂ ਤਕ ਪਹੁੰਚਣ ਦੇ ਪ੍ਰੋਗਰਾਮ ਵਿੱਚ ਇਸ ਹੱਥ-ਕਿਤਾਬਚੇ ਦੀ ਵਰਤੋਂ ਕਰ ਸਕਣ। ਕਿਉਂਕਿ ਅਨੁਵਾਦ ਵਿੱਚ ਭਿੰਨਤਾਵਾਂ ਹੋ ਸਕਦੀਆਂ ਹਨ, CDE ਸਿਫਾਰਸ਼ ਕਰਦਾ ਹੈ ਕਿ ਸਕੂਲ, ਸਥਾਨਕ ਲੋੜਾਂ ਦੇ ਅਨੁਰੂਪ, ਦਸਤਾਵੇਜ਼ ਵਿੱਚ ਲੋੜ ਅਨੁਸਾਰ ਸੋਧ ਕਰਨ ਲਈ ਸਥਾਨਕ ਅਨੁਵਾਦਕਾਂ ਦੇ ਨਾਲ ਮਿਲ ਕੇ ਕੰਮ ਕਰਨ। ਅਨੁਵਾਦ ਬਾਰੇ ਪ੍ਰਸ਼ਨ ਕਲੀਰਿੰਗਹਾਊਸ ਫਾਰ ਮਲਟੀਲਿੰਗਅਲ ਡਾਕੂਮੈਂਟਸ ਨੂੰ cmd@cde.ca.gov ਤੇ ਭੇਜੇ ਜਾਣੇ ਚਾਹੀਦੇ ਹਨ।

ਤਿਆਰ ਕਰਤਾ:

Sacramento County Office of Education

ਪੈਟ੍ਰੀਸ਼ੀਆ ਡਕਹੋਰਨ, ਤਮਾਰਾ ਵਿਲਸਨ, ਫ੍ਰਾਨ ਗਿਬਸਨ, ਕੈਥੀ ਕਰਲ, ਸੂ ਸਟਿਕਲ, ਕੈਲੀਫ਼ੋਰਨੀਆ ਸਟੇਟ PTA ਅਤੇ ਵੈਨਚੂਰਾ ਕਾਉਂਟੀ ਆਫਿਸ ਆਫ ਐਜੂਕੇਸ਼ਨ ਵੱਲੋਂ ਯੋਗਦਾਨ ਦੇ ਨਾਲ

T11-407 – Punjabi – Arial Unicode MS font
40 pages

# ਵਿਸ਼ਾ-ਵਸਤੂ


ਜਾਣ-ਪਛਾਣ ........ 4

ਗਣਿਤ

ਗਣਿਤ – ਗਣਿਤ ਦੇ ਅਭਿਆਸ ਲਈ ਮਿਆਰ ........ 6

ਗ੍ਰੇਡ K ਸੰਖੇਪ ਜਾਣਕਾਰੀ ........ 8

ਗ੍ਰੇਡ 1 ਸੰਖੇਪ ਜਾਣਕਾਰੀ ........ 10

ਗ੍ਰੇਡ 2 ਸੰਖੇਪ ਜਾਣਕਾਰੀ ........ 12

ਗ੍ਰੇਡ 3 ਸੰਖੇਪ ਜਾਣਕਾਰੀ ........ 14

ਗ੍ਰੇਡ 4 ਸੰਖੇਪ ਜਾਣਕਾਰੀ ........ 16

ਗ੍ਰੇਡ 5 ਸੰਖੇਪ ਜਾਣਕਾਰੀ ........ 18

ਗ੍ਰੇਡ 6 ਸੰਖੇਪ ਜਾਣਕਾਰੀ ........ 20

ਗ੍ਰੇਡ 7 ਸੰਖੇਪ ਜਾਣਕਾਰੀ ........ 22

ਗ੍ਰੇਡ 8 ਸੰਖੇਪ ਜਾਣਕਾਰੀ ........ 24

ਇੰਗਲਿਸ਼ ਲੈਂਗਵੇਜ਼ ਆਰਟਸ

ਗ੍ਰੇਡ K ਸੰਖੇਪ ਜਾਣਕਾਰੀ ........ 26

ਗ੍ਰੇਡ 1 ਸੰਖੇਪ ਜਾਣਕਾਰੀ ........ 28

ਗ੍ਰੇਡ 2 ਸੰਖੇਪ ਜਾਣਕਾਰੀ ........ 29

ਗ੍ਰੇਡ 3 ਸੰਖੇਪ ਜਾਣਕਾਰੀ ........ 31

ਗ੍ਰੇਡ 4 ਸੰਖੇਪ ਜਾਣਕਾਰੀ ........ 33

ਗ੍ਰੇਡ 5 ਸੰਖੇਪ ਜਾਣਕਾਰੀ ........ 35

ਗ੍ਰੇਡ 6 ਸੰਖੇਪ ਜਾਣਕਾਰੀ ........ 37

ਗ੍ਰੇਡ 7 ਸੰਖੇਪ ਜਾਣਕਾਰੀ ........ 38

ਗ੍ਰੇਡ 8 ਸੰਖੇਪ ਜਾਣਕਾਰੀ ........ 39


© 2013 ਕੈਲੀਫ਼ੋਰਨੀਆ ਕਾਉਂਟੀ ਸੁਪਰਿਨਟੇਨਡੇਂਟ ਐਜੂਕੇਸ਼ਨਲ ਸਰਵਿਸਿਜ਼ ਐਸੋਸਿਏਸ਼ਨ

T11-407 – Punjabi – Arial Unicode MS font
40 pages

## ਜਾਣ-ਪਛਾਣ

ਇਹ ਹੱਥ ਕਿਤਾਬਚਾ ਮਾਪਿਆਂ ਨੂੰ ਕੈਲੀਫ਼ੋਰਨੀਆ ਦੇ ਸਾਂਝੇ ਕੇਂਦਰੀ ਮਿਆਰਾਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਇਸ ਬਾਰੇ ਸਾਰ ਦਿੰਦਾ ਹੈ ਕਿ ਜਦੋਂ ਵਿਦਿਆਰਥੀ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 8 ਤਕ ਅੱਗੇ ਵਧਦੇ ਹਨ ਤਾਂ ਉਹਨਾਂ ਤੋਂ ਕੀ ਸਿੱਖਣ ਦੀ ਉਮੀਦ ਕੀਤੀ ਜਾਂਦੀ ਹੈ। ਇਹ ਮਿਆਰ ਉਸ ਗਿਆਨ ਅਤੇ ਹੁਨਰਾਂ ਨੂੰ ਪ੍ਰਤਿਬਿੰਬਿਤ ਕਰਨ ਲਈ ਤਿਆਰ ਕੀਤੇ ਗਏ ਹਨ ਜਿਸ ਦੀ ਸਾਡੇ ਨੌਜਵਾਨਾਂ ਨੂੰ ਕਾਲਜ ਅਤੇ ਕਰੀਅਰ ਵਿੱਚ ਸਫਲ ਹੋਣ ਲਈ ਲੋੜ ਹੈ। ਸਿੱਖਣ ਦੇ ਟੀਚਿਆਂ ਦਾ ਇੱਕ ਸਾਂਝਾ ਸਮੂਹ ਅਧਿਆਪਕਾਂ ਅਤੇ ਮਾਪਿਆਂ ਦੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਵਿਦਿਆਰਥੀਆਂ ਨੂੰ ਚੁਣੌਤੀ ਮਿਲਦੀ ਹੈ ਅਤੇ ਉਹ ਢੁਕਵੀਂ ਤਰੱਕੀ ਕਰ ਰਹੇ ਹਨ।

## ਸਾਂਝੇ ਕੇਂਦਰੀ ਮਿਆਰ ਕਿਉਂ?

ਕੈਲੀਫ਼ੋਰਨੀਆ ਦੇ ਸਿੱਖਿਆ ਮੁਹੱਈਆ ਕਰਨ ਵਾਲੇ ਇੰਗਲਿਸ਼-ਲੈਂਗਵੇਜ਼ ਆਰਟਸ ਅਤੇ ਗਣਿਤ ਲਈ ਸਾਂਝੇ ਮਿਆਰ ਅਤੇ ਮੁਲਾਂਕਣ ਅਪਣਾਉਣ ਵਾਸਤੇ ਇੱਕ ਰਾਸ਼ਟਰੀ ਮੁਹਿੰਮ ਵਿੱਚ ਸ਼ਾਮਲ ਹੋ ਗਏ ਹਨ। ਇਸ ਵੇਲੇ, ਇਸ ਬਾਰੇ ਮਿਆਰ ਕਿ ਵਿਦਿਆਰਥੀਆਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਉਹ ਕੀ ਕਰਨ ਦੇ ਸਮਰਥ ਹੋਣੇ ਚਾਹੀਦੇ ਹਨ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਹੁੰਦਾ ਹੈ, ਇਸੇ ਤਰ੍ਹਾਂ ਇਹ ਨਿਰਧਾਰਤ ਕਰਨ ਲਈ ਕਿ ਕੀ ਵਿਦਿਆਰਥੀ ਉਹਨਾਂ ਮਿਆਰਾਂ ਨੂੰ ਪੂਰਾ ਕਰ ਰਹੇ ਹਨ, ਲਈ ਵਰਤੇ ਜਾਂਦੇ ਮੁਲਾਂਕਣਾਂ ਦੀ ਮੁਸ਼ਕਲ ਵੀ ਵੱਖ-ਵੱਖ ਹੈ। ਸਾਂਝੇ ਮਿਆਰਾਂ ਨਾਲ ਰਾਜਾਂ ਦੇ ਵਿਚਕਾਰ ਸਭ ਤੋਂ ਵਧੀਆ ਤਰੀਕਿਆਂ ਅਤੇ ਪੇਸ਼ਾਵਰ ਵਿਕਾਸ ਤੇ ਸਹਿਯੋਗ ਹੋ ਸਕਦਾ ਹੈ।

ਸਿੱਖਣ ਦੇ ਸਾਂਝੇ ਟੀਚੇ ਇਸ ਬਾਰੇ ਸਪੱਸ਼ਟ ਦੂਰ-ਦ੍ਰਿਸ਼ਟੀ ਮੁਹੱਈਆ ਕਰਦੇ ਹਨ ਕਿ ਸਾਰੇ ਰਾਜਾਂ ਵਿੱਚ ਸਿੱਖਿਆ ਦੇਣ ਵਾਲਿਆਂ ਅਤੇ ਮਾਪਿਆਂ ਨੂੰ ਕੀ ਟੀਚਾ ਰੱਖਣਾ ਚਾਹੀਦਾ ਹੈ। ਸਿੱਖਿਆ ਦੇ ਇਹ ਟੀਚੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਵਿਦਿਆਰਥੀ ਕਾਲਜ ਅਤੇ ਕੰਮ ਦੀਆਂ ਉਮੀਦਾਂ ਨੂੰ ਪੂਰਾ ਕਰਨ, ਅਤੇ ਵਿਸ਼ਵ-ਵਿਆਪੀ ਅਰਥ-ਵਿਵਸਥਾ ਅਤੇ ਸਮਾਜ ਵਿੱਚ ਸਫਲ ਹੋਣ ਲਈ ਤਿਆਰ ਹੋਣ, ਅਤੇ ਉਹਨਾਂ ਨੂੰ ਸਖ਼ਤ ਵਿਸ਼ਾ-ਵਸਤੂ ਅਤੇ ਉਚੇਰੇ ਗਿਆਨ ਦੀ ਸੋਚ ਦਾ ਅਨੁਪ੍ਰਯੋਗ ਮੁਹੱਈਆ ਕੀਤਾ ਜਾਵੇ। ਅੰਤਰਰਾਸ਼ਟਰੀ ਮਿਆਰਾਂ ਦੇ ਨਾਲ ਤੁਲਨਾ ਕੀਤੇ ਗਏ, ਸਾਂਝੇ ਕੇਂਦਰੀ ਮਿਆਰ, ਕੈਲੀਫ਼ੋਰਨੀਆ ਪਬਲਿਕ ਯੂਨੀਵਰਸਿਟੀ ਵਿੱਚ ਦਾਖਲੇ ਲਈ ਲੋੜਾਂ ਪੂਰੀਆਂ ਕਰਨ ਲਈ ਤਿਆਰੀ ਕਰਨ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੇ ਹਨ।

## ਕੈਲੀਫ਼ੋਰਨੀਆ ਦੁਆਰਾ ਸਾਂਝੇ ਕੇਂਦਰੀ ਮਿਆਰਾਂ ਨੂੰ ਅਪਣਾਉਣਾ

ਅਗਸਤ 2010 ਵਿੱਚ ਕੈਲੀਫ਼ੋਰਨੀਆ ਵਿੱਚ ਅਪਣਾਏ ਗਏ, ਰਾਜ ਦੇ K-12 ਲਈ ਸਾਂਝੇ ਕੇਂਦਰੀ ਮਿਆਰ, ਇੰਗਲਿਸ਼-ਲੈਂਗਵੇਜ਼ ਆਰਟਸ ਅਤੇ ਗਣਿਤ ਵਾਸਤੇ ਸਿੱਖਿਆ ਦੇ ਸਪੱਸ਼ਟ ਮਿਆਰ ਸਥਾਪਿਤ ਕਰਨ ਲਈ ਰਾਜ ਦੀ ਅਗਵਾਈ ਵਾਲੀ ਕੋਸ਼ਿਸ਼ ਰਾਹੀਂ ਵਿਕਸਿਤ ਕੀਤੇ ਗਏ ਸਨ। ਇਸ ਪਹਿਲਕਦਮੀ ਨੂੰ ਚੀਫ਼ ਸਟੇਟ ਸਕੂਲ ਆਫ਼ਿਸਰਸ ਦੀ ਕਾਉਂਸਿਲ ਅਤੇ ਨੈਸ਼ਨਲ ਗਵਰਨਰਸ ਐਸੋਸਿਏਸ਼ਨ ਦੇ ਦੁਆਰਾ ਸ਼ੁਰੂ ਕੀਤਾ ਗਿਆ ਅਤੇ ਸਮਰਥਨ ਦਿੱਤਾ ਗਿਆ ਸੀ। ਸਾਂਝੇ ਕੇਂਦਰੀ ਮਿਆਰਾਂ ਨੂੰ ਅਪਣਾਉਣ ਦੀ ਪ੍ਰਕਿਰਿਆ ਵਿੱਚ, ਕੈਲੀਫ਼ੋਰਨੀਆ ਨੇ ਕੈਲੀਫ਼ੋਰਨੀਆ ਦੇ ਵਿਦਿਆਰਥੀਆਂ ਲਈ ਲੋੜੀਂਦੀ ਵਿਲੱਖਣ ਤਸਵੀਰ ਪੂਰੀ ਕਰਨ ਲਈ ਸਮਰਥਨ ਦੇਣ ਵਾਲੇ ਮਿਆਰ ਜੋੜੇ।

ਸਾਂਝੇ ਕੇਂਦਰ ਨੇ ਸ਼ਬਦਾਵਲੀ ਲਈ ਵਾਧੂ ਮਿਆਰ ਅਤੇ ਸਹਿਯੋਗ ਭਰੀ ਚਰਚਾ ਲਈ ਨਵੇਂ ਮਿਆਰ ਸ਼ਾਮਲ ਕਰ ਕੇ ਕੈਲੀਫ਼ੋਰਨੀਆ ਦੇ ਮੌਜੂਦਾ ਮਿਆਰਾਂ ਨੂੰ ਵਾਧੂ ਮਜ਼ਬੂਤੀ ਵੀ ਦਿੱਤੀ। ਪੜ੍ਹਾਈ ਦੇ ਉਹ ਮਿਆਰ ਵੀ ਸ਼ਾਮਲ ਕੀਤੇ ਗਏ ਸਨ ਜੋ ਹਿਸਟਰੀ/ਸੋਸ਼ਲ ਸਟੱਡੀਜ਼, ਸਾਇੰਸ ਅਤੇ ਟੈਕਨਾਲੋਜੀ ਦੇ ਦੌਰਾਨ ਲਿਖਣ ਦੀਆਂ ਹਿਦਾਇਤਾਂ ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਗਣਿਤ ਵਿੱਚ, ਅੰਕਾਂ ਦੀ ਸਮਝ ਅਤੇ ਅਲਜਬਰੇ ਸਬੰਧੀ ਸੋਚ ਤੇ ਜ਼ਿਆਦਾ ਜ਼ੋਰ ਨੂੰ ਪ੍ਰਦਰਸ਼ਿਤ ਕਰਨ ਲਈ ਮਿਆਰ ਜੋੜੇ ਗਏ ਸਨ। ਕੈਲੀਫ਼ੋਰਨੀਆ ਦੇ ਸਕੂਲਾਂ ਵਿੱਚ ਸਾਂਝੇ ਕੇਂਦਰ ਨੂੰ ਲਾਗੂ ਕਰਨ ਦਾ ਕੰਮ ਅਗਲੇ ਕੁਝ ਸਾਲਾਂ ਦੇ ਦੌਰਾਨ ਪੜਾਵਾਂ ਵਿੱਚ ਕੀਤਾ ਜਾਵੇਗਾ।

T11-407 – Punjabi – Arial Unicode MS font
40 pages

## ਮਿਆਰਾਂ ਦਾ ਸੰਗਠਨ

ਇਹ ਹੱਥ-ਕਿਤਾਬਚਾ ਕਿੰਡਰਗਾਰਟਨ ਤੋਂ ਲੈ ਕੇ 8ਵੇਂ ਗ੍ਰੇਡ ਤਕ ਹਰੇਕ ਗ੍ਰੇਡ ਲੈਵਲ ਜਾਂ ਵਿਸ਼ਾ ਕੋਰਸ ਲਈ ਇੰਗਲਿਸ਼-ਲੈਂਗਵੇਜ਼ ਆਰਟਸ ਅਤੇ ਗਣਿਤ ਵਾਸਤੇ ਮਿਆਰਾਂ ਬਾਰੇ ਜਾਣਕਾਰੀ ਨੂੰ ਸੰਗਠਿਤ ਕਰਦਾ ਹੈ। ਹਰੇਕ ਗ੍ਰੇਡ ਪੱਧਰ ਸਮੱਗਰੀ ਬਾਰੇ ਸੰਖੇਪ ਜਾਣਕਾਰੀ ਅਤੇ ਉਸ ਪੱਧਰ ਤੇ ਵਿਕਸਿਤ ਕੀਤੇ ਗਏ ਹੁਨਰਾਂ ਦਾ ਸਾਰ ਮੁਹੱਈਆ ਕਰਦਾ ਹੈ। ਗ੍ਰੇਡ 9-12 ਬਾਰੇ ਵਾਧੂ ਜਾਣਕਾਰੀ ਬਾਅਦ ਵਿੱਚ ਮੁਹੱਈਆ ਕੀਤੀ ਜਾਵੇਗੀ।

ਇੰਗਲਿਸ਼-ਲੈਂਗਵੇਜ਼ ਆਰਟਸ ਵਿੱਚ, ਕੈਲੀਫ਼ੋਰਨੀਆ ਦੇ ਸਾਂਝੇ ਕੇਂਦਰੀ ਮਿਆਰਾਂ ਨੂੰ ਅੱਗੇ ਦਿੱਤੇ ਸਮੂਹਾਂ ਵਿੱਚ ਸੰਗਠਿਤ ਕੀਤਾ ਗਿਆ ਹੈ: (1) ਪੜ੍ਹਨਾ, (2) ਲਿਖਣਾ, (3) ਬੋਲਣਾ ਅਤੇ ਸੁਣਨਾ, ਅਤੇ (4) ਭਾਸ਼ਾ।

ਗ੍ਰੇਡ ਪੱਧਰ ਜਾਂ ਕੋਰਸ ਦੇ ਅਨੁਸਾਰ ਗਣਿਤ ਲਈ ਸਮੱਗਰੀ ਦੇ ਮਿਆਰਾਂ ਦੀ ਰੂਪਰੇਖਾ ਦੇਣ ਦੇ ਇਲਾਵਾ, ਇਸ ਹੱਥ-ਕਿਤਾਬਚੇ ਵਿੱਚ ਉਹਨਾਂ ਵਿਹਾਰਾਂ ਅਤੇ ਤਰੀਕਿਆਂ ਦਾ ਸਮੂਹ ਵੀ ਸ਼ਾਮਲ ਹੈ ਜੋ ਹਰੇਕ ਵਿਦਿਆਰਥੀ ਨੂੰ ਵਿਕਸਿਤ ਕਰਨੇ ਚਾਹੀਦੇ ਹਨ ਜਿਸ ਨੂੰ ਗਣਿਤ ਦੇ ਅਭਿਆਸ ਲਈ ਮਿਆਰ (Standards for Mathematical Practice) ਕਿਹਾ ਜਾਂਦਾ ਹੈ। ਇਹ ਤਰੀਕੇ ਗਣਿਤ ਦੀ ਸਮਝ ਨੂੰ ਮਜ਼ਬੂਤ ਕਰਦੇ ਹਨ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀਆਂ ਸਮਰੱਥਾਵਾਂ ਨੂੰ ਵਧਾਉਂਦੇ ਹਨ। ਇਹਨਾਂ ਅਭਿਆਸਾਂ ਬਾਰੇ ਜਾਣਕਾਰੀ ਅਗਲੇ ਪੰਨੇ ਦੇ ਦਿੱਤੀ ਗਈ ਹੈ।

T11-407 – Punjabi – Arial Unicode MS font
40 pages

## ਗਣਿਤ | ਗਣਿਤ ਦੇ ਅਭਿਆਸ ਲਈ ਮਿਆਰ

ਗਣਿਤ ਸਬੰਧੀ ਵਿਧੀ ਲਈ ਮਿਆਰ ਉਹਨਾਂ ਵਿਹਾਰਾਂ ਦਾ ਵਰਣਨ ਕਰਦੇ ਹਨ ਜੋ ਵਿਦਿਆਰਥੀ ਸਾਂਝੇ ਕੇਂਦਰੀ ਮਿਆਰਾਂ ਵਿੱਚ ਵਿਕਸਿਤ ਕਰਨਗੇ। ਇਹ ਅਭਿਆਸ ਸਮੱਸਿਆ ਨੂੰ ਹੱਲ ਕਰਨ, ਤਰਕ ਅਤੇ ਸਬੂਤ ਦੇਣ, ਸੰਚਾਰ, ਨਿਰੂਪਣ ਅਤੇ ਸੰਪਰਕ ਬਣਾਉਣ ਸਮੇਤ ਮਹੱਤਵਪੂਰਨ "ਪ੍ਰਕਿਰਿਆ ਅਤੇ ਨਿਪੁੰਣਤਾਵਾਂ" ਤੇ ਅਧਾਰਤ ਹਨ। ਇਹਨਾਂ ਵਿਧੀਆਂ ਨਾਲ ਵਿਦਿਆਰਥੀ ਗਣਿਤ ਨੂੰ ਸਮਝ ਸਕਣਗੇ ਅਤੇ ਆਤਮ-ਵਿਸ਼ਵਾਸ ਦੇ ਨਾਲ ਲਾਗੂ ਕਰ ਸਕਣਗੇ।

- ਸਮੱਸਿਆਵਾਂ ਨੂੰ ਸਮਝਣਾ ਉਹਨਾਂ ਨੂੰ ਹੱਲ ਕਰਨ ਲਈ ਦ੍ਰਿੜ੍ਹ ਰਹਿਣਾ।
  - ਸਮੱਸਿਆਵਾਂ ਵਿੱਚ ਅਰਥ ਲੱਭਣੇ
  - ਹੱਲ ਕਰਨ ਦੇ ਤਰੀਕਿਆਂ ਦਾ ਵਿਸ਼ਲੇਸ਼ਣ ਕਰਨਾ, ਅਨੁਮਾਨ ਲਗਾਉਣਾ ਅਤੇ ਯੋਜਨਾ ਬਣਾਉਣੀ
  - ਉੱਤਰਾਂ ਦੀ ਪੁਸ਼ਟੀ ਕਰਨੀ
  - ਖੁਦ ਨੂੰ ਇਹ ਪ੍ਰਸ਼ਨ ਪੁੱਛਣਾ: “ਕੀ ਇਸ ਦਾ ਮਤਲਬ ਬਣਦਾ ਹੈ?”

- ਸਿਧਾਂਤਕ ਤੌਰ ਤੇ ਅਤੇ ਗਣਨਾਤਮਕ ਤੌਰ ਤੇ ਤਰਕ ਕਰਨਾ।
  - ਸਮੱਸਿਆਵਾਂ ਵਿੱਚ ਮਾਤਰਾਵਾਂ ਅਤੇ ਉਹਨਾਂ ਦੇ ਸਬੰਧਾਂ ਨੂੰ ਸਮਝਣਾ
  - ਸਮੱਸਿਆਵਾਂ ਦਾ ਸੰਗਤ ਨਿਰੂਪਣ ਬਣਾਉਣਾ

- ਵਿਹਾਰਕ ਦਲੀਲਾਂ ਬਣਾਉਣੀਆਂ ਅਤੇ ਦੂਜਿਆਂ ਦੇ ਤਰਕ ਦੀ ਆਲੋਚਣਾ ਕਰਨੀ।
  - ਦਲੀਲਾਂ ਤਿਆਰ ਕਰਨ ਲਈ ਜਾਣਕਾਰੀ ਦੀ ਵਰਤੋਂ ਨੂੰ ਸਮਝਣਾ
  - ਅੰਦਾਜ਼ਾ ਲਗਾਉਣਾ ਅਤੇ ਇਸਦੀ ਸੱਚਾਈ ਨੂੰ ਖੋਜਣਾ
  - ਸਿੱਟਿਆਂ ਨੂੰ ਠੀਕ ਸਿੱਧ ਕਰਨਾ ਅਤੇ ਦੂਜਿਆਂ ਦੀਆਂ ਦਲੀਲਾਂ ਤੇ ਪ੍ਰਤਿਕਿਰਿਆ ਕਰਨੀ

- ਗਣਿਤ ਨਾਲ ਮਾਡਲ।
  - ਰੋਜ਼ਾਨਾ ਜ਼ਿੰਦਗੀ ਵਿੱਚ ਸਮੱਸਿਆਵਾਂ ਤੇ ਗਣਿਤ ਲਾਗੂ ਕਰਨਾ
  - ਕਿਸੇ ਵਿਹਾਰਕ ਸਥਿਤੀ ਵਿੱਚ ਮਾਤਰਾਵਾਂ ਨੂੰ ਪਛਾਣਨਾ
  - ਸਥਿਤੀ ਦੇ ਸੰਦਰਭ ਵਿੱਚ ਨਤੀਜਿਆਂ ਦੀ ਵਿਆਖਿਆ ਕਰਨੀ ਅਤੇ ਪ੍ਰਤਿਬਿੰਬਤ ਕਰਨਾ ਕਿ ਕੀ ਨਤੀਜਿਆਂ ਦਾ ਮਤਲਬ ਨਿਕਲਦਾ ਹੈ

- ਢੁਕਵੇਂ ਸੰਦਾਂ ਨੂੰ ਰਣਨੀਤਿਕ ਰੂਪ ਵਿੱਚ ਵਰਤਣਾ।
  - ਸਮੱਸਿਆਵਾਂ ਨੂੰ ਹੱਲ ਕਰਦੇ ਸਮੇਂ ਉਪਲਬਧ ਸਾਧਨਾਂ ਤੇ ਵਿਚਾਰ ਕਰਨਾ

 - ਉਹਨਾਂ ਦੇ ਗ੍ਰੇਡ ਜਾਂ ਕੋਰਸ ਲਈ ਢੁਕਵੇਂ ਸਾਧਨਾਂ ਬਾਰੇ ਜਾਣਦੇ ਹਨ (ਪੈਂਸਿਲ ਅਤੇ ਕਾਗਜ਼, ਠੋਸ ਮਾਡਲ, ਰੂਲਰ, ਪ੍ਰੋਟੈਕਟਰ, ਕੈਲਕੁਲੇਟਰ, ਸਪ੍ਰੈਡਸ਼ੀਟ, ਕੰਪਿਊਟਰ ਪ੍ਰੋਗਰਾਮ, ਵੈਬਸਾਈਟ ਤੇ ਡਿਜੀਟਲ ਸਮੱਗਰੀ ਨੂੰ ਲੱਭਣਾ, ਅਤੇ ਦੂਜੇ ਟੈਕਨਾਲੋਜੀ ਸਬੰਧੀ ਸਾਧਨ)

- ਬਿਲਕੁਲ ਸਹੀ ਬਣਨਾ।
  - ਦੂਜਿਆਂ ਨਾਲ ਬਿਲਕੁਲ ਸਹੀ-ਸਹੀ ਸੰਚਾਰ ਕਰਨਾ
  - ਸਪੱਸ਼ਟ ਪਰਿਭਾਸ਼ਾਵਾਂ ਨੂੰ ਵਰਤਣਾ, ਚਿੰਨ੍ਹਾਂ ਦਾ ਮਤਲਬ ਦੱਸਣਾ ਅਤੇ ਮਾਪ ਦੀਆਂ ਇਕਾਈਆਂ ਦੱਸਦੇ ਸਮੇਂ ਅਤੇ ਧੁਰਿਆਂ ਤੇ ਲੇਬਲ ਲਗਾਉਂਦੇ ਸਮੇਂ ਧਿਆਨ ਰੱਖਣਾ
  - ਬਿਲਕੁਲ ਸਹੀ-ਸਹੀ ਅਤੇ ਪ੍ਰਭਾਵੀ ਤਰੀਕੇ ਨਾਲ ਹਿਸਾਬ ਲਗਾਉਣਾ

- ਢਾਂਚੇ ਨੂੰ ਲੱਭਣਾ ਅਤੇ ਵਰਤੋਂ ਵਿੱਚ ਲਿਆਉਣਾ।
  - ਨਮੂਨਿਆਂ ਅਤੇ ਢਾਂਚਿਆਂ ਦਾ ਭੇਦ ਸਮਝਣਾ
  - ਸੰਖੇਪ ਜਾਣਕਾਰੀ ਅਤੇ ਦ੍ਰਿਸ਼ਟੀਕੋਣ ਬਦਲਣ ਲਈ ਪਿੱਛੇ ਜਾ ਸਕਦਾ ਹੈ
  - ਜਟਿਲ ਚੀਜ਼ਾਂ ਨੂੰ ਇੱਕ ਵਸਤੂ ਦੇ ਰੂਪ ਵਿੱਚ ਜਾਂ ਕਈ ਵਸਤੂਆਂ ਤੋਂ ਬਣੇ ਹੋਏ ਦੇ ਰੂਪ ਵਿੱਚ ਦੇਖਣਾ

- ਸਮੱਸਿਆਵਾਂ ਹੱਲ ਕਰਦੇ ਸਮੇਂ ਸ਼ਾਰਟਕੱਟ ਬਣਾਉਣ ਦੇ ਤਰੀਕੇ ਲੱਭਣੇ ਅਤੇ ਪਛਾਣਨੇ।
  - ਜਦੋਂ ਗਣਨਾਵਾਂ ਨੂੰ ਦੁਹਰਾਇਆ ਜਾਂਦਾ ਹੈ, ਤਾਂ ਸਧਾਰਨ ਤਰੀਕਿਆਂ, ਪੈਟਰਨਾਂ ਅਤੇ ਸ਼ਾਰਟਕਟਾਂ ਨੂੰ ਲੱਭਣਾ
  - ਇਹ ਮੁਲਾਂਕਣ ਕਰਨ ਦੇ ਸਮਰੱਥ ਬਣਨਾ ਕਿ ਕੀ ਕਿਸੇ ਉੱਤਰ ਦਾ ਮਤਲਬ ਬਣਦਾ ਹੈ

# ਗ੍ਰੇਡ K ਸੰਖੇਪ ਜਾਣਕਾਰੀ | ਗਣਿਤ

ਕਿੰਡਰਗਾਰਟਨ ਦੇ ਵਿਦਿਆਰਥੀ 100 ਤਕ ਗਿਣਨਾ ਅਤੇ 20 ਤਕ ਅੰਕ ਲਿਖਣਾ ਸਿੱਖਦੇ ਹਨ। ਅੰਕ 11-20 ਤੇ ਧਿਆਨ ਦਿੱਤਾ ਜਾਂਦਾ ਹੈ ਜਿੱਥੇ ਦਹਾਈ ਅਤੇ ਇਕਾਈ ਦੇ ਜ਼ੋਰ ਦਿੱਤਾ ਜਾਂਦਾ ਹੈ ਜਿਸ ਨਾਲ ਸਥਾਨ ਮੁੱਲ ਦੀ ਸਮਝ ਲਈ ਅਧਾਰ ਬਣਾਇਆ ਜਾਂਦਾ ਹੈ। ਕਿੰਡਰਗਾਰਟਨ ਵਿੱਚ ਜੋੜ ਅਤੇ ਘਟਾਉ ਦੀ ਸ਼ੁਰੂਆਤ ਸ਼ੁਰੂ ਹੁੰਦੀ ਹੈ। ਵਿਦਿਆਰਥੀ ਵਸਤਾਂ ਦੇ ਸਮੂਹ ਨੂੰ ਕ੍ਰਮਵਾਰ ਅਤੇ ਸ਼੍ਰੇਣੀਬੱਧ ਕਰਦੇ ਹਨ ਅਤੇ ਮੂਲ ਆਕਾਰ ਪਛਾਣਦੇ ਹਨ।

- ਅੰਕਾਂ ਦੇ ਨਾਮ ਨੂੰ ਜਾਣਨਾ ਅਤੇ 100 ਤਕ ਗਿਣਨ ਦੇ ਸਮਰੱਥ ਬਣਨਾ
- 0 – 20 ਤਕ ਅੰਕ ਲਿਖਣੇ
- ਦਹਾਈਆਂ ਅਤੇ ਇਕਾਈਆਂ ਦੇ ਨਾਲ ਅੰਕਾਂ 11-20 ਬਾਰੇ ਸਮਝਣਾ
- 20 ਦੇ ਸਮੂਹ ਵਿੱਚ ਚੀਜ਼ਾਂ ਦੀ ਗਿਣਤੀ ਦੱਸਣ ਲਈ ਵਸਤਾਂ ਨੂੰ ਗਿਣਨਾ
- ਅੰਕਾਂ ਅਤੇ ਸਮੂਹਾਂ ਦੀ ਤੁਲਨਾ ਕਰਨੀ



ਕਿਸ ਸਮੂਹ ਵਿੱਚ ਜ਼ਿਆਦਾ ਹਨ? ਕਿਸ ਸਮੂਹ ਵਿੱਚ ਘੱਟ ਹਨ?
ਕੀ ਇਹ ਸਮੂਹ ਬਰਾਬਰ ਹਨ?

- ਸਮਝਣਾ ਕਿ ਜੋੜ ਦਾ ਮਤਲਬ ਸਮੂਹਾਂ ਨੂੰ ਇਕੱਠਾ ਕਰਨਾ ਅਤੇ ਸਮੂਹਾਂ ਵਿੱਚ ਜੋੜਨਾ ਹੁੰਦਾ ਹੈ
- ਸਮਝਣਾ ਕਿ ਘਟਾਉ ਦਾ ਮਤਲਬ ਸਮੂਹਾਂ ਨੂੰ ਵੱਖ-ਵੱਖ ਕਰਨਾ ਅਤੇ ਸਮੂਹਾਂ ਵਿੱਚੋਂ ਹਟਾਉਣਾ ਹੁੰਦਾ ਹੈ
- 5 ਦੇ ਅੰਦਰ ਰਵਾਨਗੀ ਨਾਲ ਜੋੜਨਾ ਅਤੇ ਘਟਾਉਣਾ
- ਵਸਤਾਂ ਨੂੰ ਸਮੂਹਾਂ ਵਿੱਚ ਕ੍ਰਮਵਾਰ ਕਰਨਾ



- ਆਕਾਰਾਂ ਨੂੰ ਪਛਾਣਨਾ ਅਤੇ ਵਰਣਨ ਕਰਨਾ




ਇਹਨਾਂ ਆਕਾਰਾਂ ਦੇ ਕਿੰਨੇ ਪਾਸੇ ਅਤੇ "ਕੋਣ" ਹਨ?

ਕਿਸ ਆਕਾਰ ਦੇ ਪਾਸਿਆਂ ਦੀ ਲੰਬਾਈ ਬਰਾਬਰ ਹੈ?

T11-407 – Punjabi – Arial Unicode MS font
40 pages

# ਗ੍ਰੇਡ 1 ਸੰਖੇਪ ਜਾਣਕਾਰੀ | ਗਣਿਤ

ਪਹਿਲੇ ਗ੍ਰੇਡ ਦੇ ਵਿਦਿਆਰਥੀ 20 ਤੋਂ ਹੇਠਾਂ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਜੋੜ ਅਤੇ ਘਟਾਉ ਦੀ ਵਰਤੋਂ ਸਿੱਖ ਕੇ ਆਪਣੀ ਜੋੜ ਅਤੇ ਘਟਾਉ ਦੀ ਸਮਝ ਨੂੰ ਵਧਾਉਂਦੇ ਹਨ। ਉਹ ਬਰਾਬਰ ਦੇ ਚਿੰਨ੍ਹ ਨੂੰ ਸਮਝਦੇ ਹਨ ਅਤੇ ਉਹਨਾਂ ਤੋਂ 120 ਤਕ ਦੀ ਗਿਣਤੀ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਸਥਾਨ ਮੁੱਲ ਦੇ ਗਿਆਨ ਨੂੰ ਮਜ਼ਬੂਤ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ 100 ਤਕ ਦੇ ਦੋ ਅੰਕਾਂ ਵਾਲੇ ਅੰਕਾਂ ਦੀ ਤੁਲਨਾ ਕਰਨ ਲਈ ਇਸ ਗਿਆਨ ਦੀ ਵਰਤੋਂ ਕਰਦੇ ਹਨ। ਵਿਦਿਆਰਥੀ ਰੇਖਾਵੀਂ ਮਾਪ ਦੇ ਨਾਲ ਆਪਣੇ ਮਾਪ ਦੇ ਹੁਨਰਾਂ ਦਾ ਅਭਿਆਸ ਕਰਦੇ ਹਨ ਅਤੇ ਸਰਵੇਖਣਾਂ ਤੋਂ ਡਾਟਾ ਨੂੰ ਸੰਗਠਿਤ ਕਰਨਾ ਸ਼ੁਰੂ ਕਰਦੇ ਹਨ। ਵਿਦਿਆਰਥੀ ਐਨਾਲੌਗ ਅਤੇ ਡਿਜੀਟਲ ਘੜੀਆਂ ਦੀ ਵਰਤੋਂ ਕਰਦੇ ਹੋਏ ਘੰਟਿਆਂ ਅਤੇ ਅੱਧੇ ਘੰਟਿਆਂ ਵਿੱਚ ਸਮਾਂ ਵੀ ਦੱਸਦੇ ਹਨ।

- 20 ਦੇ ਅੰਦਰ ਜੋੜ ਅਤੇ ਘਟਾਉ ਦੀਆਂ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨਾ
- ਜੋੜ ਅਤੇ ਘਟਾਉ ਦੇ ਵਿਚਕਾਰ ਸਬੰਧ ਨੂੰ ਸਮਝਣਾ
- ਅਮਲ ਦੀਆਂ ਵਿਸ਼ੇਸ਼ਤਾਵਾਂ ਨੂੰ ਲਾਗੂ ਕਰਨਾ
    - ਜੋੜ ਦੀ ਕ੍ਰਮ-ਵਟਾਂਦਰਾ ਵਿਸ਼ੇਸ਼ਤਾ:

      ਜੇ ਤੁਸੀਂ 8 + 3 = 11 ਜਾਣਦੇ ਹੋ, ਤਾਂ ਤੁਸੀਂ 3 + 8 = 11 ਜਾਣਦੇ ਹੋ।
    - ਜੋੜ ਦੀ ਜੁੜਨਸ਼ੀਲ ਵਿਸ਼ੇਸ਼ਤਾ:

      2 + 6 + 4 ਨੂੰ ਜੋੜਨ ਲਈ, ਦੂਜੇ ਦੋ ਅੰਕਾਂ ਨੂੰ ਜੋੜ ਕੇ

      ਦਸ ਬਣਾਇਆ ਜਾ ਸਕਦਾ ਹੈ, ਇਸ ਲਈ 2 + 6 + 4 = 2 + 10 = 12.

- 20 ਦੇ ਅੰਦਰ ਜੋੜਨਾ ਅਤੇ ਘਟਾਉਣਾ
- ਕਿਸੇ ਵੀ ਅੰਕ ਤੋਂ ਸ਼ੁਰੂ ਕਰਦੇ ਹੋਏ 120 ਤਕ ਗਿਣਨਾ
- ਬਰਾਬਰ ਦੇ ਚਿੰਨ੍ਹ ਦੇ ਮਤਲਬ ਨੂੰ ਸਮਝਣਾ
- ਸਥਾਨ ਮੁੱਲ ਨੂੰ ਸਮਝਣਾ: ਇਕਾਈ, ਦਹਾਈ
- 100 ਦੇ ਅੰਦਰ ਜੋੜਨ ਅਤੇ ਘਟਾਉਣ ਲਈ ਸਥਾਨ ਮੁੱਲ ਦੀ ਵਰਤੋਂ ਕਰਨੀ
- ਲੰਬਾਈ ਮਾਪਣੀ ਅਤੇ ਮਾਪ ਨੂੰ ਇਕਾਈਆਂ ਵਿੱਚ ਦੱਸਣਾ
- ਸਮਾਂ ਦੱਸਣਾ ਅਤੇ ਲਿਖਣਾ

- ਗ੍ਰਾਫ ਬਣਾਉਣਾ ਅਤੇ ਇਸ ਬਾਰੇ ਗੱਲ ਕਰਨੀ




ਛੱਤਰੀ ਦਾ ਸਭ ਤੋਂ ਵੱਧ ਪ੍ਰਸਿੱਧ ਰੰਗ ਕਿਹੜਾ ਹੈ?

ਛੱਤਰੀ ਦਾ ਸਭ ਤੋਂ ਘੱਟ ਪ੍ਰਸਿੱਧ ਰੰਗ ਕਿਹੜਾ ਹੈ?

- ਪਾਸਿਆਂ, ਕੋਣਿਆਂ ਆਦਿ ਬਾਰੇ ਗੱਲ ਕਰਕੇ ਆਕਾਰਾਂ ਦੀ ਤੁਲਨਾ ਕਰਨੀ।
- ਦੋ ਆਯਾਮੀ ਆਕਾਰਾਂ ਦੀ ਤਿੰਨ ਆਯਾਮੀ ਆਕਾਰਾਂ ਨਾਲ ਤੁਲਨਾ ਕਰਨੀ

T11-407 – Punjabi – Arial Unicode MS font
40 pages

# ਗ੍ਰੇਡ 2 ਸੰਖੇਪ ਜਾਣਕਾਰੀ | ਗਣਿਤ

ਦੂਜੇ ਗ੍ਰੇਡ ਦੇ ਵਿਦਿਆਰਥੀ 100 ਦੇ ਅੰਦਰ ਜੋੜ ਅਤੇ ਘਟਾਉ ਦੀ ਵਰਤੋਂ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਰਦੇ ਹਨ ਅਤੇ ਦੂਜੇ ਗ੍ਰੇਡ ਤੇ ਅੰਤ ਤੇ ਉਹਨਾਂ ਤੋਂ ਇੱਕ-ਅੰਕ ਵਾਲੇ ਸਾਰੇ ਦੋ ਅੰਕਾਂ ਦਾ ਜੋੜ ਯਾਦਦਾਸ਼ਤ ਤੋਂ ਦੱਸਣ ਦੀ ਉਮੀਦ ਕੀਤੀ ਜਾਂਦੀ ਹੈ। ਸਥਾਨ ਮੁੱਲ ਦੀ ਸਮਝ ਨੂੰ 1000 ਤਕ ਵਧਾਇਆ ਜਾਂਦਾ ਹੈ ਅਤੇ ਵਿਦਿਆਰਥੀ ਸੈਂਕੜਿਆਂ, ਦਹਾਈਆਂ ਅਤੇ ਇਕਾਈਆਂ ਦੇ ਆਪਣੇ ਗਿਆਨ ਦੇ ਅਧਾਰ ਤੇ ਤਿੰਨ ਅੰਕਾਂ ਦੀਆਂ ਸੰਖਿਆਵਾਂ ਦੀ ਤੁਲਨਾ ਕਰਦੇ ਹਨ। ਦੂਜੇ ਗ੍ਰੇਡ ਦੇ ਵਿਦਿਆਰਥੀ ਪੈਸੇ ਦਾ ਹਿਸਾਬ ਲਗਾਉਂਦੇ ਹਨ ਅਤੇ ਮਾਪ ਦੇ ਢੁਕਵੇਂ ਸਾਧਨਾਂ ਦੀ ਵਰਤੋਂ ਕਰਦੇ ਹੋਏ ਲੰਬਾਈਆਂ ਦਾ ਅਨੁਮਾਨ ਲਗਾਉਣਾ ਅਤੇ ਉਹਨਾਂ ਦੀ ਤੁਲਨਾ ਕਰਨੀ ਸਿੱਖਦੇ ਹਨ। ਦੂਜੇ ਗ੍ਰੇਡ ਦੇ ਵਿਦਿਆਰਥੀ ਪਾਸਿਆਂ ਅਤੇ ਕੋਣਾਂ ਦੀ ਗਿਣਤੀ ਦੇ ਅਧਾਰ ਤੇ ਆਕਾਰ ਵਾਹ ਕੇ ਆਪਣੀ ਰੇਖਾ-ਗਣਿਤ ਦੀ ਸਮਝ ਵਿੱਚ ਸੁਧਾਰ ਕਰਦੇ ਹਨ।

- 100 ਦੇ ਅੰਦਰ ਜੋੜ ਅਤੇ ਘਟਾਉ ਦੀਆਂ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨਾ
- 20 ਦੇ ਅੰਦਰ ਰਵਾਨਗੀ ਨਾਲ ਜੋੜਨਾ ਅਤੇ ਘਟਾਉਣਾ
- ਇੱਕ-ਅੰਕ ਵਾਲੇ ਸਾਰੇ ਦੋ ਅੰਕਾਂ ਦਾ ਜੋੜ ਜਾਣਨਾ
- ਸਥਾਨ ਮੁੱਲ ਨੂੰ ਸਮਝਣਾ: ਇਕਾਈ, ਦਹਾਈ ਅਤੇ ਸੈਂਕੜਾ
- 1000 ਦੇ ਅੰਦਰ ਜੋੜਨ ਅਤੇ ਘਟਾਉਣ ਲਈ ਸਥਾਨ ਮੁੱਲ ਦੀ ਵਰਤੋਂ ਕਰਨੀ
- ਸਥਾਨ ਮੁੱਲ ਦੇ ਗਿਆਨ ਦੀ ਵਰਤੋਂ ਕਰਦੇ ਹੋਏ ਉਚਿਤ ਅਨੁਮਾਨ ਲਗਾਉਣੇ
- ਮਿਆਰੀ ਇਕਾਈਆਂ ਵਿੱਚ ਲੰਬਾਈਆਂ ਨੂੰ ਮਾਪਣਾ, ਅਨੁਮਾਨ ਲਗਾਉਣਾ ਅਤੇ ਤੁਲਨਾ ਕਰਨੀ
- ਸੰਖਿਆ ਰੇਖਾ ਤੇ ਪੂਰਨ ਸੰਖਿਆ ਦੀਆਂ ਲੰਬਾਈਆਂ ਦਰਸਾਉਣੀਆਂ
- ਸਮੇਂ ਅਤੇ ਪੈਸੇ ਨਾਲ ਕੰਮ ਕਰਨਾ
- ਸਮੇਂ ਦੇ ਸਬੰਧਾਂ ਨੂੰ ਜਾਣਨਾ (ਘੰਟੇ ਵਿੱਚ ਮਿੰਟ, ਮਹੀਨੇ ਵਿੱਚ ਦਿਨ, ਆਦਿ)
- ਡਾਲਰ ਨੋਟਾਂ ਅਤੇ ਸਿੱਕਿਆਂ ਦੇ ਸੰਯੋਜਨ ਦੀ ਵਰਤੋਂ ਕਰਦੇ ਹੋਏ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨਾ

- ਡਾਟਾ ਇਕੱਠਾ ਕਰਨਾ, ਗ੍ਰਾਫ ਬਣਾਉਣਾ, ਅਤੇ ਪੇਸ਼ ਕੀਤੇ ਗਏ ਡੇਟਾ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ

ਤੁਹਾਡੀ ਉਮਰ ਕਿੰਨੀ ਹੈ?




ਕਲਾਸ ਵਿੱਚ ਸਭ ਤੋਂ ਵੱਧ ਆਮ ਉਮਰ ਕੀ ਹੈ?
ਕਲਾਸ ਵਿੱਚ ਸਭ ਤੋਂ ਘੱਟ ਆਮ ਉਮਰ ਕੀ ਹੈ?

- ਆਕਾਰਾਂ, ਤਿਕੋਣਾਂ, ਚਤੁਰਭੁਜਾਂ, ਪੰਜਭੁਜਾਂ, ਛੇਭੁਜਾਂ ਅਤੇ ਘਣਾਂ ਨੂੰ ਪਛਾਣਨਾ
- ਕੋਣਾਂ ਦੇ ਆਕਾਰਾਂ ਜਾਂ ਬਰਾਬਰ ਭੁਜਾਵਾਂ ਦੇ ਦੁਆਰਾ ਆਕਾਰ ਵਾਹੁਣੇ





= 6 ਚਿਹਰੇ

## ਗ੍ਰੇਡ 3 ਸੰਖੇਪ ਜਾਣਕਾਰੀ | ਗਣਿਤ

ਤੀਜੇ ਗ੍ਰੇਡ ਦੇ ਵਿਦਿਆਰਥੀ ਗੁਣਾ ਅਤੇ ਤਕਸੀਮ ਦੀ ਸਮਝ ਵਿਕਸਿਤ ਕਰਦੇ ਹਨ ਅਤੇ 100 ਦੇ ਅੰਦਰ ਰਵਾਨਗੀ ਨਾਲ ਗੁਣਾ ਕਰਨ ਅਤੇ ਤਕਸੀਮ ਕਰਨ ਦੀ ਸਮਝ ਵਿਕਸਿਤ ਕਰਦੇ ਹਨ। ਆਪਣੇ ਤੀਜੇ ਗ੍ਰੇਡ ਦੇ ਅੰਤ ਤੇ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਯਾਦਦਾਸ਼ਤ ਤੋਂ ਇੱਕ-ਅੰਕ ਵਾਲੇ ਦੋ ਅੰਕਾਂ ਦੀ ਗੁਣਾ ਦੱਸ ਸਕਣ। ਇੱਕ ਤੋਂ ਵੱਧ ਅੰਕਾਂ ਦੇ ਹਿਸਾਬ ਅਤੇ ਅਨੁਮਾਨ ਲਈ ਸਥਾਨ ਮੁੱਲ ਦੀ ਸਮਝ ਨੂੰ ਵਰਤਿਆ ਜਾਂਦਾ ਹੈ। ਤੀਜੇ ਗ੍ਰੇਡ ਵਿੱਚ ਭਿੰਨਾਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਅਤੇ ਭਿੰਨਾਂ ਨੂੰ ਸੰਖਿਆਵਾਂ ਦੇ ਰੂਪ ਵਿੱਚ ਅਤੇ ਉਹਨਾਂ ਦੇ ਸਬੰਧਤ ਆਕਾਰਾਂ ਅਤੇ ਸੰਖਿਆ ਰੇਖਾ ਤੇ ਸਥਿਤੀ ਨੂੰ ਸਮਝਣ ਤੇ ਜ਼ੋਰ ਦਿੱਤਾ ਜਾਂਦਾ ਹੈ। ਤੀਜੇ ਗ੍ਰੇਡ ਵਿੱਚ ਵਿਦਿਆਰਥੀ ਖੇਤਰ ਅਤੇ ਘੇਰੇ ਦੀ ਸਮਝ ਵਿਕਸਿਤ ਕਰਦੇ ਹਨ ਅਤੇ ਤਰਲ ਆਇਤਨ ਅਤੇ ਪੁੰਜ ਦੀ ਵਰਤੋਂ ਕਰਦੇ ਹੋਏ ਸਮੱਸਿਆਵਾਂ ਹੱਲ ਕਰਦੇ ਹਨ।

- ਗੁਣਾ ਅਤੇ ਤਕਸੀਮ ਦੀਆਂ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਹੱਲ ਕਰਦੇ ਹਨ
- ਗੁਣਾ ਦੀਆਂ ਵਿਸ਼ੇਸ਼ਤਾਵਾਂ ਨੂੰ ਸਮਝਦੇ ਹਨ
    - ਗੁਣਾ ਦੀ ਕ੍ਰਮ-ਵਟਾਂਦਰਾ ਵਿਸ਼ੇਸ਼ਤਾ:

      ਜੇ ਤੁਸੀਂ 6 x 4 = 24 ਜਾਣਦੇ ਹੋ, ਤਾਂ ਤੁਸੀਂ 4 x 6 = 24 ਜਾਣਦੇ ਹੋ।

    - ਗੁਣਾ ਦੀ ਜੁੜਨਸ਼ੀਲ ਵਿਸ਼ੇਸ਼ਤਾ:

      3 x 5 x 2 ਨੂੰ 3 x 5 = 15, ਅਤੇ ਫੇਰ 15 x 2 = 30 ਦੇ ਦੁਆਰਾ,

      ਜਾਂ 5 x 2 = 10, ਅਤੇ ਫੇਰ 3 x 10 = 30 ਦੁਆਰਾ ਪਤਾ ਕੀਤਾ ਜਾ ਸਕਦਾ ਹੈ।

    - ਗੁਣਾ ਦੀ ਵੰਡਣਾਤਮਕ ਵਿਸ਼ੇਸ਼ਤਾ:

      ਜੇ 8 x 5 = 40

      ਅਤੇ 8 x 2 = 16,

      ਤਾਂ 8 x 7 ਹੈ:

      8 x (5 + 2)

      (8 x 5) + (8 x 2)

      40 + 16 = 56.

- 100 ਦੇ ਅੰਦਰ ਰਵਾਨਗੀ ਨਾਲ ਗੁਣਾ ਅਤੇ ਤਕਸੀਮ ਕਰਨੀ
- ਇੱਕ-ਅੰਕ ਵਾਲੇ ਸਾਰੇ ਦੋ ਅੰਕਾਂ ਦੀ ਗੁਣਾ ਨੂੰ ਜਾਣਨਾ
- ਜੋੜ, ਘਟਾਉ, ਗੁਣਾ ਅਤੇ ਤਕਸੀਮ ਦੇ ਨਾਲ ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨਾ
- ਸਮਝਣਾ ਕਿ ਗੁਣਾ ਅਤੇ ਤਕਸੀਮ ਦਾ ਆਪਸ ਵਿੱਚ ਸਬੰਧ ਹੁੰਦਾ ਹੈ

- ਇੱਕ ਤੋਂ ਵੱਧ ਅੰਕਾਂ ਵਾਲੇ ਅੰਕ-ਗਣਿਤ ਨੂੰ ਹੱਲ ਕਰਨ ਲਈ ਸਥਾਨ ਮੁੱਲ ਦੀ ਸਮਝ ਦੀ ਵਰਤੋਂ ਕਰਨੀ
- ਸਥਾਨ ਮੁੱਲ ਦੇ ਗਿਆਨ ਦੀ ਵਰਤੋਂ ਕਰਦੇ ਹੋਏ ਉਚਿਤ ਉੱਤਰਾਂ ਦਾ ਅਨੁਮਾਨ ਲਗਾਉਣਾ
- ਭਿੰਨਾਂ ਨੂੰ ਸੰਖਿਆਵਾਂ ਦੇ ਰੂਪ ਵਿੱਚ ਸਮਝਣਾ
- ਸਧਾਰਨ ਬਰਾਬਰ ਦੀਆਂ ਭਿੰਨਾਂ ਨੂੰ ਪਛਾਣਨਾ
- ਇੱਕੋ ਅੰਸ਼ ਜਾਂ ਇੱਕੋ ਭਾਜਕ ਵਾਲੀਆਂ ਦੋ ਭਿੰਨਾਂ ਦੀ ਤੁਲਨਾ ਕਰਨੀ
- ਸਭ ਤੋਂ ਨੇੜਲੇ ਮਿੰਟ ਤਕ ਸਮਾਂ ਦੱਸਣਾ ਅਤੇ ਲਿਖਣਾ
- ਸਮਾਂ, ਆਇਤਨ, ਅਤੇ ਭਾਰ ਦਾ ਅਨੁਮਾਨ ਲਗਾਉਣਾ ਅਤੇ ਮਾਪਣਾ
- ਖੇਤਰ ਅਤੇ ਘੇਰੇ ਨੂੰ ਸਮਝਣਾ
- ਸਮਝਣਾ ਕਿ ਵੱਖ-ਵੱਖ ਸ਼੍ਰੇਣੀਆਂ ਵਿੱਚ ਆਕਾਰ ਵੱਡੀ ਸ਼੍ਰੇਣੀ ਵਿੱਚ ਵੀ ਹੋ ਸਕਦੇ ਹਨ



T11-407 – Punjabi – Arial Unicode MS font
40 pages

# ਗ੍ਰੇਡ 4 ਸੰਖੇਪ ਜਾਣਕਾਰੀ | ਗਣਿਤ

ਚੌਥੇ ਗ੍ਰੇਡ ਦੇ ਵਿਦਿਆਰਥੀ ਆਪਣੀ ਸਥਾਨ ਮੁੱਲ ਦੀ ਸਮਝ ਦੀ ਵਰਤੋਂ 1,000,000 ਤਕ ਸਧਾਰਨੀਕਰਨ ਲਈ ਅਤੇ ਇੱਕ ਤੋਂ ਵੱਧ ਅੰਕਾਂ ਵਾਲੇ ਪੂਰਨ ਅੰਕਾਂ ਨੂੰ ਕਿਸੇ ਵੀ ਸਥਾਨ ਤਕ ਪੂਰਨ ਬਣਾਉਣ ਲਈ ਵਰਤਦੇ ਹਨ। ਉਹ ਮਿਆਰੀ ਅਲਗੋਰਿਦਮ ਦੀ ਵਰਤੋਂ ਕਰਦੇ ਹੋਏ ਰਵਾਨਗੀ ਨਾਲ ਜੋੜਦੇ ਅਤੇ ਘਟਾਉਂਦੇ ਹਨ ਅਤੇ ਇੱਕ ਤੋਂ ਵੱਧ ਅੰਕਾਂ ਦੀਆਂ ਸੰਖਿਆਵਾਂ ਦੀ ਗੁਣਾ ਅਤੇ ਤਕਸੀਮ ਕਰਦੇ ਹਨ। ਚੌਥੇ ਗ੍ਰੇਡ ਦੇ ਵਿਦਿਆਰਥੀ ਭਿੰਨਾਂ ਦੀ ਸਮਝ ਦਾ ਵਿਸਤਾਰ ਕਰ ਕੇ ਬਰਾਬਰੀ, ਕ੍ਰਮਵਾਰ ਕਰਨਾ ਅਤੇ ਸਧਾਰਨ ਦਸ਼ਮਲਵ ਨੂੰ ਸ਼ਾਮਲ ਕਰਦੇ ਹਨ। ਵਿਦਿਆਰਥੀ ਕੋਣਾਂ ਨੂੰ ਮਾਪਦੇ ਹਨ ਅਤੇ ਰੇਖਾ ਗਣਿਤ ਦੇ ਆਕਾਰਾਂ ਨੂੰ ਰੇਖਾਵਾਂ (ਸਮਾਨਾਂਤਰ, ਲੰਬਕਾਰ, ਆਦਿ) ਅਤੇ ਕੋਣਾਂ (ਸਮ, ਨਿਉਣ, ਅਧਿਕ) ਦੇ ਦੁਆਰਾ ਵਰਗੀਕ੍ਰਿਤ ਕਰਦੇ ਹਨ।

- ਸ਼ਬਦਾਂ ਵਿੱਚ ਦਿੱਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੂਰਨ ਅੰਕਾਂ ਨਾਲ ਜੋੜ, ਘਟਾਉ, ਗੁਣਾ ਅਤੇ ਤਕਸੀਮ ਦੀ ਵਰਤੋਂ ਕਰਨੀ
- ਗੁਣਕਾਂ ਅਤੇ ਗੁਣਜਾਂ ਬਾਰੇ ਸਿੱਖਣਾ
  - 24 ਦੇ ਗੁਣਕ: 1, 2, 3, 4, 6, 8, 12
  - 4 ਦੇ ਗੁਣਜ: 4, 8, 12, 16, 20
- ਵਸਤਾਂ ਅਤੇ ਸੰਖਿਆਵਾਂ ਦੇ ਨਾਲ ਪੈਟਰਨ ਬਣਾਉਣੇ ਅਤੇ ਵਰਣਿਤ ਕਰਨੇ
- 1,000,000 ਤਕ ਸਧਾਰਨੀਕਰਨ ਲਈ ਸਥਾਨ ਮੁੱਲ ਨੂੰ ਸਮਝਣਾ ਅਤੇ ਵਰਤਣਾ
  - ਵਿਸਤਾਰਤ ਰੂਪ: 6783 = 6000 + 700 + 80 + 3
- ਇੱਕ ਤੋਂ ਵੱਧ ਅੰਕਾਂ ਦੀਆਂ ਸੰਖਿਆਵਾਂ ਨਾਲ ਗਣਨਾ ਕਰਨੀ
- ਇੱਕ ਤੋਂ ਵੱਧ ਅੰਕਾਂ ਨੂੰ ਦੋ-ਅੰਕਾਂ ਦੀਆਂ ਸੰਖਿਆਵਾਂ ਨਾਲ ਗੁਣਾ ਦੀ ਵਰਤੋਂ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨਾ
- ਇੱਕ ਤੋਂ ਵੱਧ ਅੰਕਾਂ ਦੀਆਂ ਸੰਖਿਆਵਾਂ ਨੂੰ ਇੱਕ-ਅੰਕ ਵਾਲੇ ਭਾਜਕ ਨਾਲ ਤਕਸੀਮ ਕਰਨਾ
- ਇੱਕ ਤੋਂ ਵੱਧ ਅੰਕਾਂ ਨੂੰ ਕਿਸੇ ਵੀ ਸਥਾਨ ਤਕ ਪੂਰਨ ਬਣਾਉਣਾ
- ਬਰਾਬਰ ਦੀਆਂ ਭਿੰਨਾਂ ਅਤੇ ਭਿੰਨਾਂ ਨੂੰ ਕ੍ਰਮਵਾਰ ਕਰਨ ਦੀ ਸਮਝ ਵਿਕਸਿਤ ਕਰਨੀ




- ਵੱਖ-ਵੱਖ ਅੰਸ਼ਾਂ ਅਤੇ ਵੱਖ-ਵੱਖ ਭਾਜਕਾਂ ਵਾਲੀਆਂ ਦੋ ਭਿੰਨਾਂ ਵਿੱਚ ਸਾਂਝੇ ਭਾਜਕ ਬਣਾ ਕੇ ਤੁਲਨਾ ਕਰਨੀ
- ਇਕੋ ਜਿਹੇ ਭਾਜਕਾਂ ਵਾਲੀਆਂ ਭਿੰਨਾਂ ਅਤੇ ਮਿਸ਼ਰਿਤ ਸੰਖਿਆਵਾਂ ਦਾ ਜੋੜ ਅਤੇ ਘਟਾਉ
- ਭਿੰਨਾਂ ਲਈ ਦਸ਼ਮਲਵ ਅੰਕਣ ਨੂੰ ਸਮਝਣਾ
- ਦਸ਼ਮਲਵਾਂ ਦੀ ਤੁਲਨਾ ਕਰਨੀ
- ਮਾਪ ਦੇ ਪਰਿਵਰਤਨਾਂ ਦੀ ਵਰਤੋਂ ਕਰਦੇ ਹੋਏ ਸਮੱਸਿਆਵਾਂ ਨੂੰ ਹੱਲ ਕਰਨਾ
- ਆਇਤਾਂ ਲਈ ਖੇਤਰ ਅਤੇ ਘੇਰੇ ਦਾ ਫਾਰਮੂਲਾ ਲਾਗੂ ਕਰਨਾ

T11-407 – Punjabi – Arial Unicode MS font
40 pages

- ਲਾਈਨ ਪਲੌਟ ਦੀ ਵਰਤੋਂ ਕਰਦੇ ਹੋਏ ਡਾਟਾ ਨੂੰ ਸੰਗਠਿਤ ਕਰਨਾ ਅਤੇ ਵਿਆਖਿਆ ਕਰਨੀ
- ਕੋਣਾਂ ਨੂੰ ਸਮਝਣਾ ਅਤੇ ਮਾਪਣਾ
- ਰੇਖਾਵਾਂ ਅਤੇ ਕੋਣ ਵਾਹੁਣੇ ਅਤੇ ਪਛਾਣਨੇ
- ਰੇਖਾਵਾਂ ਅਤੇ ਕੋਣਾਂ ਦੁਆਰਾ ਆਕਾਰਾਂ ਦਾ ਵਰਣਨ ਕਰਨਾ ਅਤੇ ਵੰਡਣਾ




- ਸਮਰੂਪਤਾ ਦੀਆਂ ਰੇਖਾਵਾਂ ਨੂੰ ਪਛਾਣਨਾ

T11-407 – Punjabi – Arial Unicode MS font
40 pages

# ਗ੍ਰੇਡ 5 ਸੰਖੇਪ ਜਾਣਕਾਰੀ | ਗਣਿਤ

ਪੰਜਵੇਂ ਗ੍ਰੇਡ ਦੇ ਵਿਦਿਆਰਥੀ ਇੱਕ ਤੋਂ ਵੱਧ ਅੰਕਾਂ ਦੇ ਜੋੜ, ਘਟਾਉ, ਗੁਣਾ ਅਤੇ ਤਕਸੀਮ ਦੇ ਨਾਲ ਰਵਾਨਗੀ ਨੂੰ ਅੰਤਿਮ ਰੂਪ ਦਿੰਦੇ ਹਨ। ਉਹ ਆਪਣੀ ਭਿੰਨਾਂ ਦੀ ਸਮਝ ਨੂੰ ਅਸਮਾਨ ਭਾਜਕਾਂ ਵਾਲੀਆਂ ਭਿੰਨਾਂ ਦੇ ਜੋੜ ਅਤੇ ਘਟਾਉ, ਭਿੰਨਾਂ ਦੇ ਗੁਣਾ ਅਤੇ ਤਕਸੀਮ ਦੇ ਸਿਧਾਂਤ, ਦਸ਼ਮਲਵ ਦੇ ਜੋੜ ਅਤੇ ਘਟਾਉ ਤੇ ਲਾਗੂ ਕਰਦੇ ਹਨ। ਉਹ ਅੰਕਾਂ ਦੇ ਨਮੂਨਿਆਂ ਅਤੇ ਸਬੰਧਾਂ ਅਤੇ ਨਿਰਦੇਸ਼ ਤਲ ਤੇ ਗ੍ਰਾਫ ਨਾਲ ਕ੍ਰਮਵਾਰ ਕੀਤੀਆਂ ਜੋੜੀਆਂ ਦਾ ਵਿਸ਼ਲੇਸ਼ਣ ਕਰਦੇ ਹਨ। ਵਿਦਿਆਰਥੀ ਰੇਖਾ ਗਣਿਤ ਦੇ ਆਕਾਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਪਛਾਣ ਕੇ ਅਤੇ ਅੰਦਰਲੇ ਕੋਣ ਦੇ ਮਾਪ ਅਤੇ ਤਿਕੋਣਾਂ ਅਤੇ ਸਮਾਨਾਂਤਰ ਚਤੁਰਭੁਜਾਂ ਦੇ ਖੇਤਰਾਂ ਦਾ ਹਿਸਾਬ ਲਗਾ ਕੇ ਆਪਣੀ ਰੇਖਾ-ਗਣਿਤ ਦੀ ਸਮਝ ਨੂੰ ਅੱਗੇ ਵਧਾਉਂਦੇ ਹਨ।

- ਪੇਰੇਨਥੇਸਿਸ, ਬ੍ਰੈਕਟਾਂ, ਜਾਂ ਬ੍ਰੇਸਿਜ਼ ਦੀ ਵਰਤੋਂ ਕਰਦੇ ਹੋਏ ਅੰਕੀ ਪ੍ਰਗਟਾਓ ਨੂੰ ਲਿਖਣਾ ਅਤੇ ਸਮਝਣਾ
  - “8 ਅਤੇ 7 ਨੂੰ ਜੋੜੋ, ਫੇਰ 2 ਨਾਲ ਗੁਣਾ ਕਰੋ” ਇਸ ਤਰ੍ਹਾਂ ਹੈ: 2(8 + 7)
- ਕਿਸੇ ਪੂਰਨ ਸੰਖਿਆ (2 – 50) ਨੂੰ ਇਸਦੇ ਅਭਾਜ ਗੁਣਜਾਂ ਦੀ ਗੁਣਾ ਦੇ ਰੂਪ ਵਿੱਚ ਪ੍ਰਗਟ ਕਰਨਾ
- ਤਬਦੀਲੀ ਨੂੰ ਦੇਖ ਕੇ ਵਧੇਰੇ ਜਟਿਲ ਪੈਟਰਨਾਂ ਦਾ ਵਰਣਨ ਕਰਨਾ




- ਹਜ਼ਾਰਵੇਂ ਤੋਂ ਦਸ ਲੱਖ ਤਕ ਸਥਾਨ ਮੁੱਲ ਦੀ ਪ੍ਰਣਾਲੀ ਨੂੰ ਸਮਝਣਾ
- ਮਿਆਰੀ ਅਲਗੋਰਿਦਮ ਦੀ ਵਰਤੋਂ ਕਰਦੇ ਹੋਏ ਇੱਕ ਤੋਂ ਵੱਧ ਅੰਕਾਂ ਦੀਆਂ ਸੰਖਿਆਵਾਂ ਨੂੰ ਰਵਾਨਗੀ ਨਾਲ ਗੁਣਾ ਕਰਨਾ
- ਇੱਕ ਤੋਂ ਵੱਧ ਅੰਕਾਂ ਦੀਆਂ ਸੰਖਿਆਵਾਂ ਨੂੰ ਦੋ-ਅੰਕ ਵਾਲੇ ਭਾਜਕਾਂ ਨਾਲ ਤਕਸੀਮ ਕਰਨਾ
- ਦਸ਼ਮਲਵਾਂ ਨੂੰ ਹਜ਼ਾਰਵੇਂ ਹਿੱਸੇ ਤਕ ਪੜ੍ਹਨਾ, ਲਿਖਣਾ ਅਤੇ ਤੁਲਨਾ ਕਰਨੀ
- ਦਸ਼ਮਲਵਾਂ ਨੂੰ ਕਿਸੇ ਵੀ ਸਥਾਨ ਤਕ ਪੂਰਨ ਬਣਾਉਣਾ
- ਇੱਕ ਤੋਂ ਵੱਧ ਅੰਕਾਂ ਵਾਲੀਆਂ ਪੂਰਨ ਸੰਖਿਆਵਾਂ ਅਤੇ ਦਸ਼ਮਲਵ ਵਾਲੀਆਂ ਸੰਖਿਆਵਾਂ ਦੀ ਸੌਵੇਂ ਹਿੱਸੇ ਤਕ ਗਣਨਾ ਕਰਨੀ

$$\begin{array}{r} 423.12 \\ \times 8 \\ \hline \end{array} \qquad \begin{array}{r} 8943.43 \\ +17.50 \\ \hline \end{array}$$

$$5\overline{)25.75} \qquad 100 - 42.11 =$$

- ਅਸਮਾਨ ਭਾਜਕਾਂ ਵਾਲੀਆਂ ਭਿੰਨਾਂ ਨੂੰ ਜੋੜਨਾ ਅਤੇ ਘਟਾਉਣਾ
- ਭਿੰਨਾਂ ਅਤੇ ਮਿਸ਼ਰਿਤ ਅੰਕਾਂ ਦੀ ਗੁਣਾ ਕਰਨੀ

T11-407 – Punjabi – Arial Unicode MS font
40 pages

- ਇਕਾਈ ਭਿੰਨਾਂ ਨੂੰ ਪੂਰਨ ਅੰਕਾਂ ਨਾਲ ਅਤੇ ਪੂਰਨ ਅੰਕਾਂ ਨੂੰ ਇਕਾਈ ਭਿੰਨਾਂ ਨਾਲ ਤਕਸੀਮ ਕਰਨਾ
- ਮਾਪਾਂ ਨੂੰ ਪਰਿਵਰਤਿਤ ਕਰਨਾ ਅਤੇ ਸਮੱਸਿਆ ਹੱਲ ਕਰਨ ਵਿੱਚ ਵਰਤਣਾ
    - 0.05 ਮੀਟਰ = 5 ਸੈਂਟੀਮੀਟਰ ਜਾਂ 2.5 ਫੁੱਟ = 30 ਇੰਚ

- ਲਾਈਨ ਪਲੌਟ ਦੀ ਵਰਤੋਂ ਕਰਦੇ ਹੋਏ ਡਾਟਾ ਨੂੰ ਸੰਗਠਿਤ ਕਰਨਾ ਅਤੇ ਵਿਆਖਿਆ ਕਰਨੀ
- ਆਇਤਾਕਾਰ ਪ੍ਰਿਜ਼ਮ ਦੇ ਆਇਤਨ ਨੂੰ ਸਮਝਣਾ ਅਤੇ ਲੱਭਣਾ
- ਅੰਕਾਂ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਨਾ
- ਨਿਰਦੇਸ਼ ਅੰਕ ਗ੍ਰਾਫ ਤੇ ਗ੍ਰਾਫ ਬਿੰਦੂ




- x ਅਤੇ y ਧੁਰੇ ਵਾਲਾ ਗ੍ਰਾਫ ਦਿਖਾਉਣਾ ਜਿਸ ਤੇ ਕਈ ਬਿੰਦੂ ਉਹਨਾਂ ਦੇ ਨਿਰਦੇਸ਼ ਅੰਕਾਂ ਦੇ ਨਾਲ ਲੇਬਲ ਕੀਤੇ ਗਏ ਹੋਣ
- ਦੋ-ਆਯਾਮੀ ਆਕਾਰਾਂ ਨੂੰ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਵੰਡਣਾ

T11-407 – Punjabi – Arial Unicode MS font
40 pages

# ਗ੍ਰੇਡ 6 ਸੰਖੇਪ ਜਾਣਕਾਰੀ | ਗਣਿਤ

ਛੇਵੇਂ ਗ੍ਰੇਡ ਦੇ ਵਿਦਿਆਰਥੀ ਆਪਣੇ ਗੁਣਾ ਅਤੇ ਤਕਸੀਮ ਦੇ ਗਿਆਨ ਨੂੰ ਅਨੁਪਾਤ ਅਤੇ ਦਰ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਰਤਦੇ ਹਨ। ਉਹ ਆਪਣੀ ਭਿੰਨਾਂ ਦੀ ਤਕਸੀਮ ਦੀ ਸਮਝ ਨੂੰ ਅੰਤਿਮ ਰੂਪ ਦਿੰਦੇ ਹਨ ਅਤੇ ਰਿਣਾਤਮਕ ਪੂਰਨ ਅੰਕਾਂ ਦਾ ਅਧਿਐਨ ਸ਼ੁਰੂ ਕਰਦੇ ਹਨ। ਉਹ ਗਣਿਤਕੀ ਪ੍ਰਗਟਾਉ ਵਿੱਚ ਬਦਲਣਹਾਰਾਂ ਦੀ ਵਰਤੋਂ ਨੂੰ ਸਮਝਦੇ ਹਨ, ਸਥਿਤੀ ਨਾਲ ਸਬੰਧਤ ਪ੍ਰਗਟਾਉ ਅਤੇ ਸਮੀਕਰਨਾਂ ਲਿਖਦੇ ਹਨ, ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਪ੍ਰਗਟਾਉ ਅਤੇ ਸਮੀਕਰਨਾਂ ਦੀ ਵਰਤੋਂ ਕਰਦੇ ਹਨ। ਵਿਦਿਆਰਥੀ ਸੰਭਾਵਨਾ ਅਤੇ ਅੰਕੜਾ-ਵਿਗਿਆਨ ਦਾ ਅਧਿਐਨ ਕਰਨਾ ਅਤੇ ਖੇਤਰ, ਸਤ੍ਹਾ ਖੇਤਰ ਅਤੇ ਆਇਤਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਆਪਣੇ ਰੇਖਾ-ਗਣਿਤ ਦੇ ਅਧਾਰ ਨੂੰ ਵਰਤਣਾ ਸ਼ੁਰੂ ਕਰਦੇ ਹਨ।

- ਅਨੁਪਾਤ ਦੇ ਸਿਧਾਂਤਾਂ ਨੂੰ ਸਮਝਣਾ ਅਤੇ ਸਮੱਸਿਆਵਾਂ ਹੱਲ ਕਰਨ ਲਈ ਅਨੁਪਾਤ ਤਰਕ ਦੀ ਵਰਤੋਂ ਕਰਨੀ
- ਇਕਾਈ ਦਰ ਨੂੰ ਸਮਝਣਾ
- ਮਾਤਰਾ ਦਾ ਪ੍ਰਤਿਸ਼ਤ ਪਤਾ ਕਰਨਾ
- ਭਿੰਨਾਂ ਨੂੰ ਭਿੰਨਾਂ ਨਾਲ ਤਕਸੀਮ ਕਰਨਾ
- ਇੱਕ ਤੋਂ ਵੱਧ ਅੰਕਾਂ ਵਾਲੀਆਂ ਸੰਖਿਆਵਾਂ ਅਤੇ ਇੱਕ ਤੋਂ ਵੱਧ ਅੰਕਾਂ ਵਾਲੇ ਦਸ਼ਮਲਵਾਂ ਦੇ ਨਾਲ ਰਵਾਨਗੀ ਨਾਲ ਗਣਨਾ ਕਰਨੀ
- ਸਾਂਝੇ ਗੁਣਕ ਅਤੇ ਅੰਕਾਂ ਦੇ ਗੁਣਜ ਪਤਾ ਕਰਨੇ
- ਦੋ ਪੂਰਨ ਸੰਖਿਆਵਾਂ ਦਾ ਸਭ ਤੋਂ ਵੱਡਾ ਸਾਂਝਾ ਗੁਣਕ ਅਤੇ ਸਭ ਤੋਂ ਛੋਟਾ ਗੁਣਕ ਪਤਾ ਕਰਨਾ
- ਪਰਿਮੇਯ ਅੰਕਾਂ ਨੂੰ ਸਮਝਣ ਲਈ ਧਨਾਤਮਕ ਅੰਕਾਂ ਦੀ ਸਮਝ ਨੂੰ ਵਰਤਣਾ
- ਧਨਾਤਮਕ ਅਤੇ ਰਿਣਾਤਮਕ ਪੂਰਨ ਅੰਕਾਂ ਨੂੰ ਸਮਝਣਾ ਅਤੇ ਚਾਰ ਹਿੱਸਿਆਂ ਵਾਲੇ ਨਿਰਦੇਸ਼ ਤਲ ਤੇ ਸਥਿਤੀ ਪਤਾ ਕਰਨ ਦੇ ਸਮਰੱਥ ਹੋਣਾ
- ਪਰਿਮੇਯ ਅੰਕਾਂ ਨੂੰ ਕ੍ਰਮਵਾਰ ਕਰਨਾ
- ਨਿਰੋਲ ਮੁੱਲ ਨੂੰ ਸਮਝਣਾ
- ਇੱਕ ਬਦਲਣਹਾਰ ਵਾਲੀਆਂ ਸਮੀਕਰਨਾਂ ਅਤੇ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਅੰਕ-ਗਣਿਤ ਦੀ ਸਮਝ ਨੂੰ ਵਰਤਣਾ
- ਬਦਲਣਹਾਰਾਂ ਦੀ ਵਰਤੋਂ ਕਰਦੇ ਹੋਏ ਅਸਲ ਦੁਨੀਆਂ ਦੀਆਂ ਸਥਿਤੀਆਂ ਵਰਣਨ ਕਰਨ ਲਈ ਪ੍ਰਗਟਾਵਾਂ ਅਤੇ ਸਮੀਕਰਨਾਂ ਲਿਖਣੀਆਂ
- ਪੂਰਨ ਘਾਤ ਅੰਕਾਂ ਦੇ ਨਾਲ ਸਮੀਕਰਨਾਂ ਲਿਖਣੀਆਂ ਅਤੇ ਹੱਲ ਕਰਨੀਆਂ
- ਅਸਲ ਦੁਨੀਆਂ ਦੀ ਜਾਂ ਗਣਿਤਕੀ ਸਮੱਸਿਆ ਦਾ ਵਰਣਨ ਕਰਨ ਲਈ ਅਸਮਾਨਤਾ ਲਿਖਣੀ

- ਨਿਰਭਰ ਅਤੇ ਸੁਤੰਤਰ ਬਦਲਣਹਾਰਾਂ ਦੇ ਵਿਚਕਾਰ ਸਬੰਧਾਂ ਨੂੰ ਪ੍ਰਦਰਸ਼ਿਤ ਕਰਨਾ ਅਤੇ ਵਿਆਖਿਆ ਕਰਨੀ

  ਉਦਾਹਰਨ ਵਾਸਤੇ, ਇੱਕ ਕਾਰ 65 ਮੀਲ ਪ੍ਰਤੀ ਘੰਟਾ ਦੀ ਇਕਸਾਰ ਰਫਤਾਰ ਤੇ ਚਲਦੀ ਹੈ। ਦੂਰੀਆਂ ਅਤੇ ਸਮਿਆਂ ਦੀਆਂ ਕ੍ਰਮਵਾਰ ਜੋੜੀਆਂ ਨੂੰ ਸੂਚੀਬੱਧ ਕਰੋ ਅਤੇ ਗ੍ਰਾਫ ਤੇ ਦਰਸਾਓ। ਇਹ ਦਿਖਾਉਣ ਲਈ ਕਿ ਤੈਅ ਕੀਤੀ ਦੂਰੀ (d) ਇਕਸਾਰ ਰਫਤਾਰ (65) ਨੂੰ ਤੈਅ ਕੀਤੇ ਸਮੇਂ ਦੇ ਨਾਲ ਗੁਣਾ ਕਰਨ ਤੇ ਨਿਰਭਰ ਕਰਦੀ ਹੈ, ਸਮੀਕਰਨ d = 65t ਲਿਖੋ।

$d = 65t$

| t=ਘੰਟੇ | ਦੂਰੀ |
|---|---|
| 1 | 65 |
| 2 | 130 |
| 1/2 | 32.5 |




- ਖੇਤਰ, ਸਤ੍ਹਾ ਖੇਤਰ ਅਤੇ ਆਇਤਨ ਵਾਲੀਆਂ ਅਸਲ ਦੁਨੀਆਂ ਦੀਆਂ ਸਮੱਸਿਆਵਾਂ ਹੱਲ ਕਰਨੀਆਂ
- ਅੰਕੜਾ-ਵਿਗਿਆਨ ਦਾ ਪ੍ਰਸ਼ਨ ਪੁੱਛਣਾ (ਮੇਰੇ ਸਕੂਲ ਵਿੱਚ ਵਿਦਿਆਰਥੀਆਂ ਦੀ ਕੀ ਉਮਰ ਹੈ?) ਲਾਈਨ ਪਲੌਟ, ਗ੍ਰਾਫ, ਹਿਸਟੋਗ੍ਰਾਮ, ਬਿੰਦੂ ਪਲੌਟ, ਬਾਕਸ ਪਲੌਟ, ਆਦਿ ਤੇ ਡਾਟਾ ਸੰਗਠਿਤ ਕਰਨਾ।
- ਕੇਂਦਰ, ਫੈਲਾਅ, ਅਤੇ ਸਮੁੱਚੇ ਆਕਾਰ ਤੇ ਧਿਆਨ ਦੇ ਕੇ ਡਾਟਾ ਨੂੰ ਵਰਣਨ ਕਰਨਾ ਅਤੇ ਸਾਰ ਦੇਣਾ
- ਬਿੰਦੂ ਪਲੌਟ, ਹਿਸਟੋਗ੍ਰਾਮ, ਅਤੇ ਬਾਕਸ ਪਲੌਟ ਸਮੇਤ ਅੰਕ ਰੇਖਾ ਤੇ ਅੰਕੀ ਡਾਟਾ ਪ੍ਰਦਰਸ਼ਿਤ ਕਰਨਾ

T11-407 – Punjabi – Arial Unicode MS font
40 pages

# ਗ੍ਰੇਡ 7 ਸੰਖੇਪ ਜਾਣਕਾਰੀ | ਗਣਿਤ

ਸੱਤਵੇਂ ਗ੍ਰੇਡ ਦੇ ਵਿਦਿਆਰਥੀ ਜਟਿਲ ਸਮੱਸਿਆਵਾਂ ਹੱਲ ਕਰਨ ਲਈ ਅਨੁਪਾਤਕ ਸਬੰਧਾਂ ਦੀ ਆਪਣੀ ਸਮਝ ਨੂੰ ਵਧਾਉਣਗੇ। ਉਹ ਗਣਨਾ (ਜੋੜ, ਘਟਾਉ, ਗੁਣਾ, ਅਤੇ ਤਕਸੀਮ) ਸ਼ਾਮਲ ਕਰਨ ਲਈ ਪਰਿਮੇਯ ਅੰਕਾਂ ਦੀ ਆਪਣੀ ਸਮਝ ਨੂੰ ਵਧਾਉਂਦੇ ਹਨ। ਅਮਾਪ ਅੰਕ ਸੱਤਵੇਂ ਗ੍ਰੇਡ ਵਿੱਚ ਸ਼ੁਰੂ ਕੀਤੇ ਜਾਂਦੇ ਹਨ। ਅਲਜਬਰਾ ਸਬੰਧੀ ਅਧਾਰਾਂ ਦਾ ਅਭਿਆਸ ਕੀਤਾ ਜਾਂਦਾ ਹੈ ਅਤੇ ਵਧਾਇਆ ਜਾਂਦਾ ਹੈ। ਵਿਦਿਆਰਥੀ ਨਮੂਨੇ ਤੇ ਅਧਾਰਤ ਜਨਸੰਖਿਆ ਦਾ ਵਰਨਣ ਕਰਕੇ ਸੰਭਾਵਨਾ ਅਤੇ ਅੰਕੜਾ-ਵਿਗਿਆਨ ਦੀ ਆਪਣੀ ਸਮਝ ਨੂੰ ਵਧਾਉਣਾ ਜਾਰੀ ਰੱਖਦੇ ਹਨ, ਅਤੇ ਸੰਭਾਵਨਾ ਦੇ ਮਾਡਲ ਵਿਕਸਿਤ ਕਰਨ, ਵਰਤਣ ਅਤੇ ਮੁਲਾਂਕਣ ਕਰਨ ਦੇ ਮੌਕੇ ਦੀ ਪੜਤਾਲ ਕਰਦੇ ਹਨ।

- ਇੱਕ ਤੋਂ ਵੱਧ ਕਦਮਾਂ ਵਾਲੇ ਅਮਲਾਂ ਅਤੇ ਪ੍ਰਤਿਸ਼ਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਨੁਪਾਤਕ ਸਬੰਧਾਂ ਦੀ ਵਰਤੋਂ ਕਰਨੀ
    - ਜੇ ਕੋਈ ਵਿਅਕਤੀ ਹਰੇਕ ¼ ਘੰਟੇ ਵਿੱਚ ½ ਮੀਲ ਤੁਰਦਾ ਹੈ, ਤਾਂ ਉਸਦੀ ਪ੍ਰਤੀ ਘੰਟਾ ਰਫਤਾਰ ਕੀ ਹੈ?

- ਯੂਨਿਟ ਦਰਾਂ ਦੀ ਗਣਨਾ ਕਰਨੀ
- ਪਰਿਮੇਯ ਅੰਕਾਂ ਨੂੰ ਜੋੜਨਾ, ਘਟਾਉਣਾ, ਗੁਣਾ ਕਰਨਾ ਅਤੇ ਤਕਸੀਮ ਕਰਨਾ
- ਭਿੰਨਾਂ ਨੂੰ ਦਸ਼ਮਲਵਾਂ ਵਿੱਚ ਬਦਲਣਾ
- ਧਨਾਤਮਕ ਅਤੇ ਰਿਣਾਤਮਕ ਅੰਕਾਂ ਵਾਲੀਆਂ ਬਹੁ-ਕਦਮੀ ਸਮੱਸਿਆਵਾਂ ਨੂੰ ਹੱਲ ਕਰਨਾ।
    - ਸ਼ਾਮ 6:00 ਵਜੇ ਤਾਪਮਾਨ -10 ਡਿਗਰੀ ਹੈ। ਦੋ ਘੰਟਿਆਂ ਵਿੱਚ ਤਾਪਮਾਨ 5 ਡਿਗਰੀ ਘੱਟ ਗਿਆ ਹੈ, ਰਾਤ 8:00 ਵਜੇ ਤਾਪਮਾਨ ਕਿੰਨਾ ਹੈ?
- ਅਲਜਬਰੇ ਦੀਆਂ ਸਮੀਕਰਨਾਂ ਹੱਲ ਕਰਨ ਲਈ ਅਮਲਾਂ ਦੀਆਂ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਨੀ
- ਰੇਖਾਵੀਂ ਪ੍ਰਗਟਾਵਾਂ ਦਾ ਜੋੜ, ਘਟਾਉ, ਗੁਣਕ ਅਤੇ ਵਿਸਤਾਰ
- ਅਸਲ ਦੁਨੀਆਂ ਦੀਆਂ ਸਮੱਸਿਆਵਾਂ ਵਿੱਚ ਅੰਕਾਂ ਨੂੰ ਪ੍ਰਦਰਸ਼ਿਤ ਕਰਨ ਲਈ ਬਦਲਣਹਾਰਾਂ ਨੂੰ ਵਰਤਣਾ।
- ਸਮੱਸਿਆਵਾਂ ਨੂੰ ਹੱਲ ਕਰਨ ਲਈ ਸਧਾਰਨ ਸਮੀਕਰਨਾਂ ਅਤੇ ਅਸਮਾਨਤਾਵਾਂ ਬਣਾਉਣੀਆਂ
- ਰੇਖਾ ਗਣਿਤ ਦੇ ਚਿੱਤਰ ਵਾਹੁਣੇ, ਬਣਾਉਣੇ, ਅਤੇ ਵਰਣਿਤ ਕਰਨੇ ਅਤੇ ਉਹਨਾਂ ਵਿਚਕਾਰ ਸਬੰਧਾਂ ਨੂੰ ਵਰਨਣ ਕਰਨਾ
- ਕੋਣ ਦੇ ਮਾਪ, ਖੇਤ, ਸਤ੍ਹਾ ਖੇਤਰ, ਅਤੇ ਆਇਤਨ (ਸਿਲੰਡਰ, ਸ਼ੰਕੂ, ਅਤੇ ਗੋਲਾ) ਦੀ ਸ਼ਮੂਲੀਅਤ ਵਾਲੀਆਂ ਸਮੱਸਿਆਵਾਂ ਹੱਲ ਕਰਨੀਆਂ
- ਸਿਲੰਡਰ, ਸ਼ੰਕੂ, ਅਤੇ ਗੋਲਿਆਂ ਦੇ ਆਇਤਨ ਵਾਲੀਆਂ ਅਸਲ ਜ਼ਿੰਦਗੀ ਦੀਆਂ ਸਮੱਸਿਆਵਾਂ ਹੱਲ ਕਰਨੀਆਂ।
- ਗੋਲੇ ਦੇ ਖੇਤਰ ਅਤੇ ਘੇਰੇ ਲਈ ਫਾਰਮੂਲੇ ਜਾਣਨੇ
- ਬਹੁ-ਕਦਮੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਨੁਪੂਰਕ, ਪੂਰਕ, ਸ਼ੀਰਸ਼, ਅਤੇ ਸੰਲਗਨ ਕੋਣ ਬਾਰੇ ਤੱਥਾਂ ਵਰਤਣਾ।
- ਜਨਸੰਖਿਆ ਦਾ ਵਰਣਨ ਕਰਨ ਅਤੇ ਤੁਲਨਾ ਕਰਨ ਲਈ ਬੇਤਰਤੀਬ ਨਮੂਨਿਆਂ ਦੀ ਵਰਤੋਂ ਕਰਨੀ

T11-407 – Punjabi – Arial Unicode MS font
40 pages

- ਸੰਯੋਗ ਵਾਲੀ ਘਟਨਾ ਦੀ ਸੰਭਾਵਨਾ ਨੂੰ ਲੱਭਣਾ, ਹਿਸਾਬ ਲਗਾਉਣਾ ਅਤੇ ਵਿਆਖਿਆ ਕਰਨੀ
    - ਉਦਾਹਰਨ ਵਾਸਤੇ, ਜੇ ਵਿਦਿਆਰਥੀ ਨੂੰ ਕਲਾਸ ਤੋਂ ਚੁਣਿਆ ਜਾਂਦਾ ਹੈ, ਤਾਂ ਜੇਨ ਨੂੰ ਚੁਣੇ ਜਾਣ ਦੀ ਸੰਭਾਵਨਾ ਪਤਾ ਕਰਨੀ ਅਤੇ ਕਿਸੇ ਕੁੜੀ ਨੂੰ ਚੁਣੇ ਜਾਣ ਦੀ ਸੰਭਾਵਨਾ ਪਤਾ ਕਰਨੀ।
    - ਜਾਂ ਜੇ 40% ਦਾਤਾਵਾਂ ਦਾ A ਕਿਸਮ ਦਾ ਖ਼ੂਨ ਹੈ, ਤਾਂ ਇਸ ਗੱਲ ਦੀ ਕੀ ਸੰਭਾਵਨਾ ਹੈ ਕਿ A ਕਿਸਮ ਦਾ ਖ਼ੂਨ ਵਾਲਾ ਦਾਤਾ ਲੱਭਣ ਲਈ ਘੱਟੋ-ਘੱਟ 4 ਦਾਤਾਵਾਂ ਦੀ ਲੋੜ ਹੋਵੇਗੀ?

T11-407 – Punjabi – Arial Unicode MS font
40 pages

# ਗ੍ਰੇਡ 8 ਸੰਖੇਪ ਜਾਣਕਾਰੀ | ਗਣਿਤ

ਅੱਠਵੇਂ ਗ੍ਰੇਡ ਦੇ ਵਿਦਿਆਰਥੀ ਪਰਿਮੇਯ ਅਤੇ ਅਮਾਪ ਅੰਕਾਂ ਦੀ ਆਪਣੀ ਸਮਝ ਨੂੰ ਡੂੰਘਾ ਕਰਦੇ ਹਨ। ਅੰਕ-ਗਣਿਤ ਦੇ ਤੌਰ ਤੇ, ਵਿਦਿਆਰਥੀ ਮੂਲਕ ਅਤੇ ਘਾਤਾਂ ਦੇ ਨਾਲ ਗਣਨਾ ਕਰਦੇ ਹਨ, ਰੇਖਾਵੀਂ ਸਮੀਕਰਨਾਂ ਨੂੰ ਹੱਲ ਕਰਦੇ ਹਨ ਅਤੇ ਗ੍ਰਾਫ ਫਲਨਾਂ ਨੂੰ ਪਰਿਭਾਸ਼ਿਤ ਕਰਦੇ, ਹੱਲ ਕਰਦੇ ਅਤੇ ਤੁਲਨਾ ਕਰਦੇ ਹਨ। ਰੇਖਾ-ਗਣਿਤ ਵਿੱਚ, ਸੱਤਵੇਂ ਗ੍ਰੇਡ ਦੇ ਵਿਦਿਆਰਥੀ ਪਾਇਥਾਗੋਰੀਅਨ ਥਿਊਰਮ ਨੂੰ ਸਮਝਦੇ ਅਤੇ ਵਰਤਦੇ ਹਨ ਅਤੇ ਸਿਲੰਡਰਾਂ, ਸ਼ੰਕੂਆਂ ਅਤੇ ਗੋਲਿਆਂ ਦੀ ਸ਼ਮੂਲੀਅਤ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਹਨ।

- ਪਰਿਮੇਯ ਅਤੇ ਅਮਾਪ ਅੰਕਾਂ ਨੂੰ ਸਮਝਣਾ

  ਹਰੇਕ ਅੰਕ ਨੂੰ ਪਰਿਮੇਯ ਜਾਂ ਅਮਾਪ ਵੱਜੋਂ ਪਛਾਣੋ:

| | |
|---|---|
| √ 18 | ਅਮਾਪ, ਕਿਉਂਕਿ 18 ਸੰਪੂਰਨ ਵਰਗ ਨਹੀ ਹੈ |
| √ 64 | ਪਰਿਮੇਯ, ਕਿਉਂਕਿ 64 ਸੰਪੂਰਨ ਵਰਗ ਹੈ |
| -√ 47 | ਅਮਾਪ, ਕਿਉਂਕਿ 47 ਸੰਪੂਰਨ ਵਰਗ ਨਹੀ ਹੈ |
| 135.6 | ਪਰਿਮੇਯ, ਕਿਉਂਕਿ ਇਹ ਸਮਾਪਤੀ ਵਾਲਾ ਦਸ਼ਮਲਵ ਹੈ |
| 0.2525... | ਪਰਿਮੇਯ, ਕਿਉਂਕਿ ਇਹ ਦੁਹਰਾਓ ਵਾਲਾ ਦਸ਼ਮਲਵ ਹੈ |
| 0.120120012... | ਅਮਾਪ, ਕਿਉਂਕਿ ਇਹ ਨਾ ਤਾਂ ਸਮਾਪਤ ਹੁੰਦਾ ਹੈ ਨਾ ਦੁਹਰਾਉਂਦਾ ਹੈ |
| Π | ਅਮਾਪ, ਕਿਉਂਕਿ ਇਸ ਨੂੰ *a/b* ਦੇ ਰੂਪ ਵਿੱਚ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ ਹੈ, ਜਿੱਥੇ *a* ਅਤੇ *b* ਪੂਰਨ ਅੰਕ ਹਨ। |

- ਮੂਲਕ ਅਤੇ ਪੂਰਕ ਘਾਤਾਂ ਦੇ ਨਾਲ ਕੰਮ ਕਰਨਾ
  - ਉਦਾਹਰਨ ਵਾਸਤੇ, ਅਮਰੀਕਾ ਦੀ ਜਨਸੰਖਿਆ ਦਾ $3 \times 10^8$ ਦੇ ਰੂਪ ਵਿੱਚ ਅਤੇ ਦੁਨੀਆਂ ਦੀ ਜਨਸੰਖਿਆ ਦਾ $7 \times 10^9$ ਦੇ ਰੂਪ ਵਿੱਚ ਅਨੁਮਾਨ ਲਗਾਉਣਾ, ਅਤੇ ਨਿਰਧਾਰਤ ਕਰਨਾ ਕਿ ਦੁਨੀਆਂ ਦੀ ਜਨਸੰਖਿਆ 20 ਗੁਣਾ ਤੋਂ ਵੱਧ ਜ਼ਿਆਦਾ ਹੈ।
- ਅਨੁਪਾਤਕ ਸਬੰਧਾਂ, ਰੇਖਾਵਾਂ, ਅਤੇ ਰੇਖਾਵੀਂ ਸਮੀਕਰਨਾਂ ਦੇ ਵਿਚਕਾਰ ਸੰਪਰਕ ਨੂੰ ਸਮਝਣਾ ਅਤੇ ਉਹਨਾਂ ਦਾ ਗ੍ਰਾਫ ਬਣਾਉਣ ਦੇ ਸਮਰੱਥ ਹੋਣਾ
- ਸਮਝਣਾ ਕਿ ਕਿਸੇ ਅਨੁਪਾਤ ਸਬੰਧ ਦੀ ਯੂਨਿਟ ਦਰ ਗ੍ਰਾਫ ਦੀ ਢਲਾਨ ਹੁੰਦੀ ਹੈ
- ਢਲਾਨ ਦੀ ਵਿਆਖਿਆ ਕਰਨ ਲਈ ਇੱਕੋ ਜਿਹੇ ਤਿਕੋਣਾਂ ਦੀ ਵਰਤੋਂ ਕਰਨੀ ਅਤੇ $y = mx + b$ ਨੂੰ ਸਮਝਣਾ
- ਇੱਕ ਬਦਲਣਹਾਰ ਵਾਲੀਆਂ ਰੇਖਾਵੀਂ ਸਮੀਕਰਨਾਂ ਅਤੇ ਲਗਾਤਾਰ ਰੇਖਾਵੀਂ ਸਮੀਕਰਨਾਂ ਦੇ ਜੋੜਿਆਂ ਦਾ ਵਿਸ਼ਲੇਸ਼ਣ ਕਰਨਾ ਅਤੇ ਹੱਲ ਕਰਨਾ
- ਫਲਨਾਂ ਨੂੰ ਪਰਿਭਾਸ਼ਿਤ ਕਰਨਾ, ਹੱਲ ਕਰਨਾ ਅਤੇ ਤੁਲਨਾ ਕਰਨੀ
- ਸਮਝਣਾ ਕਿ ਫਲਨ ਇੱਕ ਨਿਯਮ ਹੁੰਦਾ ਹੈ ਅਤੇ ਕ੍ਰਮਵਾਰ ਜੋੜੇ ਦਾਖਲਾ ਅਤੇ ਨਤੀਜਾ ਹੁੰਦੇ ਹਨ

T11-407 – Punjabi – Arial Unicode MS font
40 pages

- ਸਬੰਧਾਂ ਦੇ ਨਮੂਨੇ ਲਈ ਫਲਨ ਬਣਾਉਣੇ ਅਤੇ ਵਰਤਣੇ
- ਇਕਰੂਪਤਾ ਅਤੇ ਸਮਾਨਤਾ ਨੂੰ ਸਮਝਣਾ
- ਪਾਇਥਾਗੋਰੀਅਨ ਥਿਊਰਮ ਨੂੰ ਸਮਝਣਾ, ਵਰਤਣਾ ਅਤੇ ਲਾਗੂ ਕਰਨਾ
- ਡਾਟਾ ਦੇ ਸਮੂਹਾਂ ਦੇ ਨਮੂਨਿਆਂ ਦੀ ਜਾਂਚ ਕਰਨੀ
- ਸਕੈਟਰ ਪਲੌਟ ਨੂੰ ਬਣਾਉਣਾ ਅਤੇ ਸਮਝਣਾ
- ਸਿਲੰਡਰ, ਸ਼ੰਕੂ, ਅਤੇ ਗੋਲਿਆਂ ਦੇ ਆਇਤਨ ਵਾਲੀਆਂ ਸਮੱਸਿਆਵਾਂ ਹੱਲ ਕਰਨੀਆਂ
- ਸਕੈਟਰ ਪਲੌਟ ਨੂੰ ਬਣਾਉਣਾ ਅਤੇ ਸਮਝਣਾ

T11-407 – Punjabi – Arial Unicode MS font
40 pages

## ਗ੍ਰੇਡ K ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਕਿੰਡਰਗਾਰਟਨ ਦੇ ਵਿਦਿਆਰਥੀ ਸਾਹਿਤ ਜਾਂ ਜਾਣਕਾਰੀ ਵਾਲੇ ਪਾਠ ਦੇ ਨਾਲ ਅੰਤਰਕਿਰਿਆ ਕਰਨ ਲਈ ਪ੍ਰਸ਼ਨ ਪੁੱਛ ਕੇ ਅਤੇ ਜਵਾਬ ਦੇ ਕੇ ਅਤੇ ਮੁੱਖ ਘਟਨਾਵਾਂ ਦੇ ਵੇਰਵੇ ਪਛਾਣ ਕੇ ਹਿਦਾਇਤਾਂ ਅਤੇ ਸਮਰਥਨ ਦੇ ਨਾਲ ਕੰਮ ਕਰਦੇ ਹਨ। ਵਿਦਿਆਰਥੀ ਸਾਰੇ ਅੱਖਰਾਂ ਨੂੰ ਜਾਣਦੇ ਹਨ ਅਤੇ ਉਹਨਾਂ ਦੇ ਨਾਮ ਦੱਸ ਸਕਦੇ ਹਨ, ਅਤੇ ਉਹ ਕਈ ਅੱਖਰ ਲਿਖ ਸਕਦੇ ਹਨ। ਉਹ ਆਮ ਸ਼ਬਦ ਪੜ੍ਹ ਸਕਦੇ ਹਨ ਅਤੇ ਕਿਸੇ ਕਿਤਾਬ ਬਾਰੇ ਵਾਹ ਸਕਦੇ ਹਨ, ਦੱਸ ਸਕਦੇ ਹਨ ਜਾਂ ਲਿਖ ਸਕਦੇ ਹਨ।



ਪੜ੍ਹਨਾ
ਹਿਦਾਇਤ ਅਤੇ ਸਮਰਥਨ ਦੇ ਨਾਲ:

- ਪੜ੍ਹਨ ਲਈ ਚੋਣ ਬਾਰੇ ਪ੍ਰਸ਼ਨ ਪੁੱਛਣੇ ਅਤੇ ਜਵਾਬ ਦੇਣੇ
- ਕਹਾਣੀ ਦੇ ਪਾਤਰਾਂ, ਮਾਹੌਲ ਅਤੇ ਮੁੱਖ ਘਟਨਾਵਾਂ ਨੂੰ ਸਮਝਣਾ
- ਵੇਰਵੇ ਸਹਿਤ, ਕਹਾਣੀ ਦੁਬਾਰਾ ਸੁਣਾਉਣੀ

ਪੜ੍ਹਨਾ: ਬੁਨਿਆਦੀ ਹੁਨਰ

- ਅੱਖਰਾਂ ਦੀਆਂ ਮੂਲ ਵਿਸ਼ੇਸ਼ਤਾਵਾਂ ਨੂੰ ਸਮਝਣਾ
  - ਖੱਬੇ ਤੋਂ ਸੱਜੇ
  - ਉੱਪਰ ਤੋਂ ਹੇਠਾਂ
  - ਪੰਨਾ ਦਰ ਪੰਨਾ
- ਅੰਗ੍ਰੇਜ਼ੀ ਦੇ ਸਾਰੇ ਵੱਡੇ ਅਤੇ ਛੋਟੇ ਅੱਖਰਾਂ ਨੂੰ ਪਛਾਣਨਾ ਅਤੇ ਉਹਨਾਂ ਦੇ ਨਾਮ ਦੱਸਣੇ
- ਪਛਾਣਨਾ ਕਿ ਬੋਲੇ ਗਏ ਸ਼ਬਦ ਉਚਾਰਖੰਡ ਅਤੇ ਆਵਾਜ਼ਾਂ ਤੋਂ ਬਣੇ ਹੁੰਦੇ ਹਨ
- ਤੁਕਬੰਦੀ ਵਾਲੇ ਸ਼ਬਦਾਂ ਨੂੰ ਪਛਾਣਨਾ ਅਤੇ ਪੈਦਾ ਕਰਨਾ
- ਪਛਾਣਿਆ ਜਾ ਸਕਣ ਵਾਲਾ ਸ਼ਬਦ ਬਣਾਉਣ ਲਈ ਦੋ ਜਾਂ ਤਿੰਨ ਆਵਾਜ਼ਾਂ ਨੂੰ ਮਿਲਾਉਣਾ
- ਸ਼ਬਦਾਂ ਨੂੰ ਪੜ੍ਹਦੇ ਸਮੇਂ ਧੁਨੀਗ੍ਰਾਮਾਂ ਨੂੰ ਵਰਤਣਾ
- ਹਰੇਕ ਵਿਅੰਜਨ ਅਤੇ ਸ੍ਵਰ ਲਈ ਸਭ ਤੋਂ ਵੱਧ ਵਾਰਵਾਰਤਾ ਵਾਲੀਆਂ ਆਵਾਜ਼ਾਂ ਨੂੰ ਬੋਲਣਾ
- ਆਮ ਉੱਚ ਵਾਰਵਾਰਤਾ ਵਾਲੇ ਸ਼ਬਦਾਂ ਨੂੰ ਨਜ਼ਰ ਨਾਲ ਪੜ੍ਹਨਾ
  - The, of, to, you, is

ਲਿਖਣਾ

- ਕਿਸੇ ਕਿਤਾਬ ਬਾਰੇ ਵਾਹੁਣਾ, ਦੱਸਣਾ, ਜਾਂ ਲਿਖਣਾ
- ਘਟਨਾਵਾਂ ਬਾਰੇ ਉਹਨਾਂ ਦੇ ਵਾਪਰਨ ਦੇ ਕ੍ਰਮ ਵਿੱਚ ਵਾਹੁਣਾ, ਦੱਸਣਾ, ਜਾਂ ਲਿਖਣਾ

ਬੋਲਣਾ ਅਤੇ ਸੁਣਨਾ

- ਚਰਚਾਵਾਂ ਵਿੱਚ ਹਿੱਸਾ ਲੈਣਾ
  - ਦੂਜਿਆਂ ਨੂੰ ਸੁਣਨਾ
  - ਵਾਰੀ-ਵਾਰੀ ਬੋਲਣਾ
- ਜ਼ੁਬਾਨੀ ਨਿਰਦੇਸ਼ਾਂ ਦੀ ਪਾਲਣਾ ਕਰਨੀ
- ਪ੍ਰਸ਼ਨ ਪੁੱਛਣੇ ਅਤੇ ਜਵਾਬ ਦੇਣੇ
- ਲੋਕਾਂ, ਥਾਵਾਂ, ਚੀਜ਼ਾਂ, ਅਤੇ ਘਟਨਾਵਾਂ ਨੂੰ ਵੇਰਵੇ ਸਹਿਤ ਵਰਣਨ ਕਰਨਾ

ਭਾਸ਼ਾ

- ਕਈ ਵੱਡੇ ਅਤੇ ਛੋਟੇ ਅੱਖਰਾਂ ਨੂੰ ਲਿਖਣਾ
- ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਜਾਣ-ਪਛਾਣੇ ਸ਼ਬਦਾਂ ਲਈ ਨਵੇਂ ਮਤਲਬਾਂ ਨੂੰ ਪਛਾਣਨਾ

  - ਜਾਣਨਾ ਕਿ *duck* ਇੱਕ ਪੰਛੀ ਹੈ, ਅਤੇ ਕਿਰਿਆ ਰੂਪ to duck ਨੂੰ ਸਮਝਣਾ

- ਆਮ ਵਸਤਾਂ ਨੂੰ ਸ਼੍ਰੇਣੀਆਂ ਵਿੱਚ ਵੰਡਣਾ
  - ਆਕਾਰ, ਭੋਜਨ



T11-407 – Punjabi – Arial Unicode MS font
40 pages

# ਗ੍ਰੇਡ 1 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਪਹਿਲੇ ਗ੍ਰੇਡ ਦੇ ਵਿਦਿਆਰਥੀ ਸਾਹਿਤ ਜਾਂ ਜਾਣਕਾਰੀ ਵਾਲੇ ਪਾਠ ਦੇ ਨਾਲ ਅੰਤਰਕਿਰਿਆ ਕਰਨ ਲਈ ਪ੍ਰਸ਼ਨ ਪੁੱਛ ਕੇ ਅਤੇ ਜਵਾਬ ਦੇ ਕੇ ਅਤੇ ਮੁੱਖ ਘਟਨਾਵਾਂ ਦੇ ਵੇਰਵੇ ਪਛਾਣ ਕੇ ਸੁਤੰਤਰਤਾ ਨਾਲ ਕੰਮ ਕਰਦੇ ਹਨ। ਉਹ ਉੱਚੀ ਆਵਾਜ਼ ਵਿੱਚ ਅਤੇ ਪ੍ਰਗਟਾਉ ਦੇ ਨਾਲ ਸਹੀ-ਸਹੀ ਪੜ੍ਹ ਸਕਦੇ ਹਨ। ਪਹਿਲੇ ਗ੍ਰੇਡ ਦੇ ਵਿਦਿਆਰਥੀ ਸਾਰੇ ਅੱਖਰ ਲਿਖ ਸਕਦੇ ਹਨ ਅਤੇ ਘਟਨਾਵਾਂ, ਵਿਸ਼ਿਆਂ ਅਤੇ ਵਿਚਾਰਾਂ ਬਾਰੇ ਲਿਖ ਸਕਦੇ ਹਨ।

ਪੜ੍ਹਨਾ
- ਪੜ੍ਹਨ ਲਈ ਚੋਣ ਵਿੱਚ ਵੇਰਵੇ ਬਾਰੇ ਪ੍ਰਸ਼ਨ ਪੁੱਛਣੇ ਅਤੇ ਜਵਾਬ ਦੇਣੇ
- ਵੇਰਵੇ ਸਹਿਤ, ਕਹਾਣੀ ਦੁਬਾਰਾ ਸੁਣਾਉਣੀ
- ਕਿਤਾਬਾਂ ਦੇ ਵਿਚਕਾਰ ਅੰਤਰਾਂ ਦੀ ਵਿਆਖਿਆ ਕਰਨ ਅਤੇ ਜਾਣਕਾਰੀ ਦੇਣ ਵਾਲੀਆਂ ਕਹਾਣੀਆਂ ਅਤੇ ਕਿਤਾਬਾਂ ਬਾਰੇ ਦੱਸਣਾ
- ਹਿਦਾਇਤ ਦੇਣ ਅਤੇ ਸਮਰਥਨ ਦੇ ਨਾਲ, ਪਹਿਲੇ ਗ੍ਰੇਡ ਦੇ ਜਾਣਕਾਰੀ ਵਾਲੇ ਪਾਠ ਪੜ੍ਹਨੇ

ਪੜ੍ਹਨਾ: ਬੁਨਿਆਦੀ ਹੁਨਰ
- ਅੱਖਰਾਂ ਦੇ ਸੰਗਠਨ ਅਤੇ ਮੁਢਲੀਆਂ ਵਿਸ਼ੇਸ਼ਤਾਵਾਂ ਨੂੰ ਸਮਝਣਾ

- ਕਿਸੇ ਵਾਕ ਦੀਆਂ ਵਿਸ਼ੇਸ਼ਤਾਵਾਂ ਨੂੰ ਪਛਾਣਨਾ
  - ਵੱਡੇ ਅੱਖਰ
  - ਸਮਾਪਤੀ ਵਿਰਾਮ ਚਿੰਨ੍ਹ

- ਬੋਲੇ ਗਏ ਸ਼ਬਦ, ਉਚਾਰਖੰਡ ਅਤੇ ਆਵਾਜ਼ਾਂ
- ਧੁਨੀਗ੍ਰਾਮਾਂ ਅਤੇ ਸ਼ਬਦ ਵਿਸ਼ਲੇਸ਼ਣ ਨੂੰ ਸਮਝਣਾ
  - ਜਾਣਨਾ ਕਿ ਹਰੇਕ ਉਚਾਰਖੰਡ ਵਿੱਚ ਸੂਰ ਦੀ ਆਵਾਜ਼ ਜ਼ਰੂਰ ਹੋਣੀ ਚਾਹੀਦੀ ਹੈ
- ਨਿਯਮਿਤ ਸ਼ਬਦ ਜੋੜ ਵਾਲੇ ਇੱਕ- ਅਤੇ ਦੋ-ਉਚਾਰਖੰਡੀ ਸ਼ਬਦ ਪੜ੍ਹਨੇ
- ਸਹੀ-ਸਹੀ ਅਤੇ ਪ੍ਰਗਟਾਉ ਦੇ ਨਾਲ ਉੱਚੀ ਆਵਾਜ਼ ਵਿੱਚ ਪੜ੍ਹਨਾ

ਲਿਖਣਾ
- ਰਾਇ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿਚ ਰਾਇ ਅਤੇ ਰਾਇ ਵਾਸਤੇ ਤਰਕ ਸ਼ਾਮਲ ਹੋਵੇ
- ਜਾਣਕਾਰੀ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿੱਚ ਵਿਸ਼ੇ ਦਾ ਨਾਮ ਦਿੱਤਾ ਜਾਵੇ, ਤੱਥ ਦਿੱਤੇ ਜਾਣ ਅਤੇ ਸਮਾਪਤੀ ਦਿੱਤੀ ਜਾਵੇ
- ਦੋ ਜਾਂ ਵੱਧ ਘਟਨਾਵਾਂ ਬਾਰੇ ਸਹੀ ਕ੍ਰਮ ਵਿੱਚ ਵੇਰਵੇ ਸਹਿਤ, ਬਿਰਤਾਂਤ ਲਿਖਣੇ

ਬੋਲਣਾ ਅਤੇ ਸੁਣਨਾ
- ਦੂਜੇ ਕੀ ਕਹਿ ਰਹੇ ਹਨ ਇਸ ਨੂੰ ਅੱਗੇ ਵਧਾਉਂਦੇ ਹੋਏ ਅਤੇ ਪ੍ਰਸ਼ਨ ਪੁੱਛ ਕੇ ਚਰਚਾ ਦੇ ਨਿਯਮਾਂ ਦੀ ਪਾਲਣਾ ਕਰਨੀ
- ਸਧਾਰਨ ਦੋ ਕਦਮਾਂ ਵਾਲੀਆਂ ਹਿਦਾਇਤਾਂ ਦੀ ਪਾਲਣਾ ਕਰਨੀ
- ਪੂਰੇ ਵਾਕਾਂ ਵਿੱਚ ਬੋਲਣਾ

ਭਾਸ਼ਾ
- ਸਹੀ ਵਿਆਕਰਣ ਦੀ ਵਰਤੋਂ ਕਰਨੀ
- ਸਾਰੇ ਵੱਡੇ ਅਤੇ ਛੋਟੇ ਅੱਖਰਾਂ ਨੂੰ ਲਿਖਣਾ
- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਸ਼ਬਦ ਦੇ ਹਿੱਸਿਆਂ ਅਤੇ ਵਾਕ ਵਿੱਚ ਬਾਕੀ ਦੇ ਸ਼ਬਦਾਂ ਨੂੰ ਦੇਖ ਕੇ ਅਗਿਆਤ ਸ਼ਬਦਾਂ ਦਾ ਮਤਲਬ ਪਤਾ ਕਰਨਾ
- ਸ਼ਬਦਾਂ ਨੂੰ ਸ਼੍ਰੇਣੀਆਂ ਦੇ ਵਿੱਚ ਵੰਡਣਾ ਅਤੇ ਸ਼ਬਦਾਂ ਨੂੰ ਮੁੱਖ ਗੁਣਾਂ ਦੇ ਦੁਆਰਾ ਪਰਿਭਾਸ਼ਿਤ ਕਰਨਾ
  - ਚੀਤਾ ਧਾਰੀਆਂ ਵਾਲੀ ਵੱਡੀ ਬਿੱਲੀ ਹੁੰਦਾ ਹੈ



T11-407 – Punjabi – Arial Unicode MS font
40 pages

# ਗ੍ਰੇਡ 2 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਦੂਜੇ ਗ੍ਰੇਡ ਦੇ ਵਿਦਿਆਰਥੀ ਸਾਹਿਤਕ ਅਤੇ ਜਾਣਕਾਰੀ ਵਾਲੇ ਪਾਠ ਨੂੰ ਸਹੀ-ਸਹੀ ਪੜ੍ਹਦੇ ਅਤੇ ਸਮਝਦੇ ਹਨ। ਉਹ ਸਹੀ ਵਿਆਕਰਣ, ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਦੇ ਹਨ। ਉਹ ਕਿਸੇ ਕਹਾਣੀ ਜਾਂ ਤਜਰਬੇ ਬਾਰੇ ਯੋਜਨਾ ਬਣਾ ਸਕਦੇ ਹਨ ਅਤੇ ਪੇਸ਼ਕਾਰੀ ਦੇ ਸਕਦੇ ਹਨ।

ਪੜ੍ਹਨਾ

- ਕੇਂਦਰੀ ਸਬਕ ਸਮੇਤ, ਲੋਕ ਕਥਾਵਾਂ ਸੁਣਾਉਣੀਆਂ
- ਵਿਆਖਿਆ ਕਰਨੀ ਕਿ ਕਿਵੇਂ ਲੇਖਕ ਪਾਠ ਵਿਚਲੇ ਖਾਸ ਬਿੰਦੂਆਂ ਦੇ ਸਮਰਥਨ ਲਈ ਤਰਕ ਦੀ ਵਰਤੋਂ ਕਰਦਾ ਹੈ
- ਮੁੱਖ ਵਿਸ਼ਿਆਂ ਅਤੇ ਧਿਆਨ ਦੇ ਕੇਂਦਰ ਨੂੰ ਪਛਾਣਨਾ
- ਸਾਹਿਤਿਕ ਅਤੇ ਜਾਣਕਾਰੀ ਵਾਲੇ ਪਾਠ ਪੜ੍ਹਨੇ ਅਤੇ ਸਮਝਣੇ

ਪੜ੍ਹਨਾ: ਬੁਨਿਆਦੀ ਹੁਨਰ

- ਧੁਨੀਗ੍ਰਾਮਾਂ ਅਤੇ ਸ਼ਬਦ ਵਿਸ਼ਲੇਸ਼ਣ ਦੇ ਹੁਨਰਾਂ ਨੂੰ ਜਾਣਨਾ ਅਤੇ ਵਰਤਣਾ
    - ਆਮ ਅਗੇਤਰਾਂ ਅਤੇ ਪਿਛੇਤਰਾਂ ਵਾਲੇ ਸ਼ਬਦਾਂ ਨੂੰ ਪੜ੍ਹਨਾ (ਜਿਵੇਂ ਕਿ, *re_, un_, _less*)

- ਲੰਬੇ ਅਤੇ ਛੋਟੇ ਸ੍ਵਰਾਂ ਵਿੱਚ ਫਰਕ ਸਮਝਣਾ
- ਨਿਯਮਿਤ ਤੌਰ ਤੇ ਸ੍ਵਰਾਂ ਦੇ ਨਾਲ ਦੋ ਉਚਾਰਖੰਡਾਂ ਵਾਲੇ ਸ਼ਬਦਾਂ ਨੂੰ ਪੜ੍ਹਨਾ
- ਸਹੀ-ਸਹੀ ਅਤੇ ਸਮਝ ਦੇ ਨਾਲ ਪੜ੍ਹਨਾ

ਲਿਖਣਾ

- ਰਾਇ ਵਾਲੀਆਂ ਰਚਨਾਵਾਂ ਲਿਖਣੀਆਂ ਜੋ ਜੋੜਨ ਵਾਲੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਰਾਇ ਅਤੇ ਤਰਕ ਨੂੰ ਜੋੜਨ
    - Because, and, also

- ਜਾਣਕਾਰੀ ਵਾਲੀਆਂ ਰਚਨਾਵਾਂ ਲਿਖਣੀਆਂ ਜੋ ਵਿਸ਼ਾ, ਤੱਥ, ਪਰਿਭਾਸ਼ਾਵਾਂ ਅਤੇ ਸਿੱਟਾ ਮੁਹੱਈਆ ਕਰਨ
- ਬਿਰਤਾਂਤ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿੱਚ ਕਾਰਵਾਈ, ਵਿਚਾਰ, ਅਤੇ ਭਾਵਨਾਵਾਂ ਨੂੰ ਵਰਣਨ ਕਰਨ ਵਾਲਾ ਵੇਰਵਾ ਹੋਵੇ
- ਅਜਿਹੀ ਲੇਖਣੀ ਤਿਆਰ ਕਰਨੀ ਜੋ ਵਿਕਸਿਤ, ਕੇਂਦ੍ਰਿਤ ਅਤੇ ਸੰਗਠਿਤ ਹੋਵੇ
- ਨਿਯਮਿਤ ਤੌਰ ਤੇ ਵਧਾਈਆਂ ਗਈਆਂ ਸਮਾਂ-ਸੀਮਾਵਾਂ ਦੌਰਾਨ ਅਤੇ ਛੋਟੀਆਂ ਸਮਾਂ-ਸੀਮਾਵਾਂ ਦੌਰਾਨ ਲਿਖਣਾ

ਬੋਲਣਾ ਅਤੇ ਸੁਣਨਾ

- ਛੋਟੇ ਅਤੇ ਵੱਡੇ ਸਮੂਹਾਂ ਵਿੱਚ ਸਾਥੀਆਂ ਅਤੇ ਬਾਲਗਾਂ ਦੇ ਨਾਲ ਗੱਲਬਾਤ ਵਿੱਚ ਹਿੱਸਾ ਲੈਣਾ
- ਉੱਚੀ ਆਵਾਜ਼ ਵਿੱਚ ਪੜ੍ਹੀ ਗਈ ਕਿਸੇ ਗੱਲ ਤੋਂ ਮੁੱਖ ਵਿਚਾਰਾਂ ਨੂੰ ਯਾਦ ਕਰਨਾ ਅਤੇ ਵਰਣਨ ਕਰਨਾ
- ਤਿੰਨ- ਅਤੇ ਚਾਰ-ਕਦਮਾਂ ਵਾਲੀਆਂ ਜ਼ੁਬਾਨੀ ਹਿਦਾਇਤਾਂ ਦੇਣੀਆਂ ਅਤੇ ਪਾਲਣਾ ਕਰਨੀ
- ਕਿਸੇ ਕਹਾਣੀ ਜਾਂ ਤਜਰਬੇ ਬਾਰੇ ਯੋਜਨਾ ਬਣਾਉਣੀ ਅਤੇ ਪੇਸ਼ਕਾਰੀ ਦੇਣੀ

ਭਾਸ਼ਾ

- ਸਹੀ ਵਿਆਕਰਣ ਦੀ ਵਰਤੋਂ ਕਰਨੀ
- ਸਾਫ ਲਿਖਾਈ ਦੇ ਨਾਲ ਪੜ੍ਹਨ ਯੋਗ ਦਸਤਾਵੇਜ਼ ਤਿਆਰ ਕਰਨੇ
- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਸ਼ਬਦਾਂ ਦੇ ਅਰਥ ਨਿਰਧਾਰਤ ਕਰਨ ਲਈ ਕਈ ਤਰ੍ਹਾਂ ਦੇ ਤਰੀਕਿਆਂ ਦੀ ਵਰਤੋਂ ਕਰਨੀ
- ਮਿਸ਼ਰਿਤ ਸ਼ਬਦਾਂ ਦੇ ਅਰਥ ਨਿਰਧਾਰਤ ਕਰਨ ਲਈ ਵੱਖ-ਵੱਖ ਸ਼ਬਦ ਦੀ ਵਰਤੋਂ ਕਰਨੀ, ਜਿਨ੍ਹਾਂ ਨੂੰ ਜੋੜ ਕੇ ਨਵਾਂ ਸ਼ਬਦ ਬਣਾਇਆ ਗਿਆ ਹੈ

T11-407 – Punjabi – Arial Unicode MS font
40 pages



T11-407 – Punjabi – Arial Unicode MS font
40 pages

# ਗ੍ਰੇਡ 3 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਤੀਜੇ ਗ੍ਰੇਡ ਦੇ ਵਿਦਿਆਰਥੀ ਕਹਾਣੀਆਂ ਦੀ ਤੁਲਨਾ ਕਰਕੇ ਅਤੇ ਉਹਨਾਂ ਵਿੱਚ ਫਰਕ ਦੱਸ ਕੇ, ਕਿਸੇ ਦ੍ਰਿਸ਼ਟੀਕੋਣ ਤੇ ਚਰਚਾ ਕਰਕੇ, ਅਤੇ ਇਸ ਦੀ ਲੇਖਣੀ ਦੇ ਦ੍ਰਿਸ਼ਟੀਕੋਣ ਨਾਲ ਤੁਲਨਾ ਕਰਕੇ, ਅਤੇ ਘਟਨਾਵਾਂ, ਵਿਚਾਰਾਂ, ਜਾਂ ਸਿਧਾਂਤਾਂ ਦੀ ਲੜੀ ਦਾ ਵਰਣਨ ਕਰਕੇ ਸਾਹਿਤਿਕ ਅਤੇ ਜਾਣਕਾਰੀ ਵਾਲੇ ਪਾਠ ਨਾਲ ਅੰਤਰਕਿਰਿਆ ਕਰਦੇ ਹਨ। ਉਹਨਾਂ ਦੀ ਪੜ੍ਹਨ ਦੀ ਸਮਰੱਥਾ ਦੇ ਨਾਲ-ਨਾਲ ਤੀਜੇ ਗ੍ਰੇਡ ਦੀ ਲੇਖਣੀ ਵਧੇਰੇ ਜਟਿਲ ਹੁੰਦੀ ਹੈ। ਵਿਦਿਆਰਥੀ ਵਿਕਸਿਤ, ਕੇਂਦ੍ਰਿਤ, ਸੰਗਠਿਤ, ਅਤੇ ਸੰਪਾਦਿਤ ਕੰਮ ਤਿਆਰ ਕਰਦੇ ਹਨ। ਜਾਣਕਾਰੀ ਵਾਲੀਆਂ ਰਚਨਾਵਾਂ ਲਿਖਦੇ ਸਮੇਂ, ਉਹ ਚਾਰਟਾਂ ਅਤੇ ਗ੍ਰਾਫਾਂ ਨੂੰ ਸ਼ਾਮਲ ਕਰਦੇ ਹਨ ਅਤੇ ਤੱਥ ਸਪਲਾਈ ਕਰਦੇ ਹਨ।

ਪੜ੍ਹਨਾ

- ਵਰਣਨ ਕਰਨਾ ਕਿ ਪਾਤਰ ਦੇ ਕੰਮ ਘਟਨਾ ਵਿੱਚ ਕਿਵੇਂ ਯੋਗਦਾਨ ਪਾਉਂਦੇ ਹਨ
- ਕਹਾਣੀਆਂ ਦੀ ਤੁਲਨਾ ਕਰਨੀ ਅਤੇ ਉਹਨਾਂ ਵਿੱਚ ਫਰਕ ਦੱਸਣਾ
- ਗ੍ਰੇਡ ਪੱਧਰ ਦੇ ਸਾਹਿਤ ਨੂੰ ਸੁਤੰਤਰ ਤੌਰ ਤੇ ਪੜ੍ਹਨਾ ਅਤੇ ਸਮਝਣਾ
- ਘਟਨਾਵਾਂ, ਵਿਚਾਰਾਂ, ਜਾਂ ਸਿਧਾਂਤਾਂ ਦੀ ਲੜੀ ਨੂੰ ਵਰਣਨ ਕਰਨਾ
- ਕਿਸੇ ਦ੍ਰਿਸ਼ਟੀਕੋਣ ਤੇ ਚਰਚਾ ਕਰਨੀ ਅਤੇ ਇਸ ਦੀ ਲੇਖਕ ਦੇ ਦ੍ਰਿਸ਼ਟੀਕੋਣ ਨਾਲ ਤੁਲਨਾ ਕਰਨੀ

ਪੜ੍ਹਨਾ: ਬੁਨਿਆਦੀ ਹੁਨਰ

- ਗ੍ਰੇਡ ਪੱਧਰ ਦੇ ਧੁਨੀਗ੍ਰਾਮਾਂ ਅਤੇ ਸ਼ਬਦ ਵਿਸ਼ਲੇਸ਼ਣ ਦੇ ਹੁਨਰਾਂ ਨੂੰ ਵਰਤਣਾ
  - ਇੱਕ ਤੋਂ ਵੱਧ ਉਚਾਰ-ਖੰਡਾਂ ਵਾਲੇ ਸ਼ਬਦਾਂ ਨੂੰ ਪੜ੍ਹਨਾ, ਜਿਵੇਂ ਕਿ mosquito, puppeteer
- ਜ਼ਿਆਦਾਤਰ ਆਮ ਅਗੇਤਰਾਂ ਅਤੇ ਪਿਛੇਤਰਾਂ ਦਾ ਮਤਲਬ ਸਮਝਣਾ
- ਸਹੀ-ਸਹੀ ਅਤੇ ਸਮਝ ਦੇ ਨਾਲ ਪੜ੍ਹਨਾ

ਲਿਖਣਾ

- ਰਾਇ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿੱਚ ਚਾਰਟ ਜਾਂ ਗ੍ਰਾਫ ਅਤੇ ਰਾਇ ਦਾ ਸਮਰਥਨ ਕਰਨ ਵਾਲੇ ਤਰਕਾਂ ਦੀ ਸੂਚੀ ਸ਼ਾਮਲ ਹੋਵੇ
- ਜਾਣਕਾਰੀ ਵਾਲੀਆਂ ਰਚਨਾਵਾਂ ਲਿਖਣੀਆਂ ਜੋ ਵਿਸ਼ੇ ਦਾ ਨਾਮ ਦੇਣ, ਤੱਥ ਦੇਣ, ਅਤੇ ਜੋੜਨ ਵਾਲੇ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰਨ
- ਬਿਰਤਾਂਤ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿੱਚ ਵਿਆਖਿਆਕਾਰ ਅਤੇ ਪਾਤਰ ਸ਼ਾਮਲ ਹੋਣ, ਅਤੇ ਇਸ ਬਾਰੇ ਲਿਖਣਾ ਕਿ ਪਾਤਰ ਕੀ ਕਹਿੰਦੇ, ਸੋਚਦੇ ਅਤੇ ਮਹਿਸੂਸ ਕਰਦੇ ਹਨ
- ਅਜਿਹੀ ਲੇਖਣੀ ਤਿਆਰ ਕਰਨੀ ਜੋ ਵਿਕਸਿਤ, ਕੇਂਦ੍ਰਿਤ, ਸੰਗਠਿਤ ਅਤੇ ਸੰਪਾਦਿਤ ਹੋਵੇ

ਬੋਲਣਾ ਅਤੇ ਸੁਣਨਾ

- ਦੂਜੇ ਕੀ ਕਹਿ ਰਹੇ ਹਨ ਇਸ ਨੂੰ ਅੱਗੇ ਵਧਾਉਂਦੇ ਹੋਏ ਚਰਚਾ ਦੇ ਨਿਯਮਾਂ ਦੀ ਪਾਲਣਾ ਕਰਨੀ
- ਉੱਚੀ ਆਵਾਜ਼ ਵਿੱਚ ਪੜ੍ਹੀ ਗਈ ਕਿਸੇ ਗੱਲ ਤੋਂ ਮੁੱਖ ਵਿਚਾਰਾਂ ਨੂੰ ਯਾਦ ਕਰਨਾ
- ਜਾਣਕਾਰੀ ਵਾਲੀ ਪੇਸ਼ਕਾਰੀ ਦੀ ਯੋਜਨਾ ਬਣਾਉਣੀ ਅਤੇ ਦੇਣੀ
- ਸਪੱਸ਼ਟ ਤੌਰ ਤੇ ਅਤੇ ਪੂਰੇ ਵਾਕਾਂ ਵਿੱਚ ਬੋਲਣਾ

ਭਾਸ਼ਾ

- ਸਹੀ ਵਿਆਕਰਣ ਦੀ ਵਰਤੋਂ ਕਰਨੀ
- ਕਰਸਿਵ ਜਾਂ ਜੁੜੇ ਹੋਏ ਅੱਖਰਾਂ ਵਿੱਚ ਸਾਫ-ਸਾਫ ਲਿਖਣਾ; ਹਾਸ਼ੀਆ ਅਤੇ ਵਿੱਥ ਦੀ ਵਰਤੋਂ ਕਰਨੀ
- ਪ੍ਰਭਾਵ ਲਈ ਸ਼ਬਦ ਅਤੇ ਵਾਕਾਂਸ਼ਾਂ ਨੂੰ ਚੁਣਨਾ
- ਕਈ ਕਿਸਮ ਦੇ ਵਾਕਾਂ ਦੀ ਵਰਤੋਂ ਕਰਨੀ
- ਢੁਕਵੇਂ ਸ਼ਬਦਾਂ ਦੇ ਪਹਿਲੇ ਅੱਖਰ ਨੂੰ ਵੱਡਾ ਕਰਨਾ

T11-407 – Punjabi – Arial Unicode MS font
40 pages

- ਮੂਲ ਸ਼ਬਦਾਂ ਦੇ ਨਾਲ ਸਹੀ ਪਿਛੇਤਰ ਜੋੜਨੇ
    - Sitting, smiled, cries

- ਲਿਖਤੀ ਅਤੇ ਬੋਲਣ ਵਾਲੀ ਮਿਆਰੀ ਅੰਗ੍ਰੇਜ਼ੀ ਦੇ ਵਿਚਕਾਰ ਫਰਕ ਨੂੰ ਪਛਾਣਨਾ

T11-407 – Punjabi – Arial Unicode MS font
40 pages

# ਗ੍ਰੇਡ 4 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਚੌਥੇ ਗ੍ਰੇਡ ਦੇ ਵਿਦਿਆਰਥੀ ਲੰਬੇ ਸ਼ਬਦਾਂ ਨੂੰ ਪੜ੍ਹਦੇ ਹਨ ਅਤੇ ਅਗਿਆਤ ਸ਼ਬਦਾਂ ਦੇ ਮਤਲਬ ਨਿਰਧਾਰਤ ਕਰਨ ਲਈ ਧਾਤੂ ਸ਼ਬਦ, ਅਗੇਤਰ, ਅਤੇ ਪਿਛੇਤਰ ਦੀ ਵਰਤੋਂ ਕਰਦੇ ਹਨ। ਉਹ ਮੁੱਖ ਵਿਚਾਰ ਨਿਰਧਾਰਤ ਕਰਨ ਅਤੇ ਪਾਤਰ, ਮਾਹੌਲ, ਜਾਂ ਘਟਨਾ ਦਾ ਵਰਣਨ ਕਰਨ ਲਈ ਪਾਠ ਵਿੱਚ ਵੇਰਵੇ ਅਤੇ ਉਦਾਹਰਨਾਂ ਦੀ ਵਰਤੋਂ ਕਰਦੇ ਹਨ। ਵਿਦਿਆਰਥੀ ਅਜਿਹੀ ਲੇਖਣੀ ਤਿਆਰ ਕਰਦੇ ਹਨ ਜੋ ਵਿਕਸਿਤ, ਕੇਂਦ੍ਰਿਤ, ਸੰਗਠਿਤ ਅਤੇ ਸੰਪਾਦਿਤ ਹੋਵੇ। ਉਹ ਸਬੰਧਤ ਵਿਚਾਰਾਂ ਨੂੰ ਪੈਰਿਆਂ ਅਤੇ ਹਿੱਸਿਆਂ ਵਿੱਚ ਵੰਡਦੇ ਹਨ, ਅਤੇ ਸਿੱਟਾ ਮੁਹੱਈਆ ਕਰਦੇ ਹਨ। ਚੌਥੇ ਗ੍ਰੇਡ ਦੇ ਵਿਦਿਆਰਥੀ ਜਾਣਦੇ ਹਨ ਕਿ ਰਸਮੀ ਅੰਗ੍ਰੇਜ਼ੀ ਦੀ ਵਰਤੋਂ ਕਦੋਂ ਕਰਨੀ ਹੈ, ਅਤੇ ਕਦੋਂ ਰਸਮੀ ਅੰਗ੍ਰੇਜ਼ੀ ਢੁਕਵੀਂ ਹੁੰਦੀ ਹੈ।

ਪੜ੍ਹਨਾ

- ਮੁੱਖ ਵਿਚਾਰ ਨਿਰਧਾਰਤ ਕਰਨ ਅਤੇ ਪਾਤਰ, ਮਾਹੌਲ, ਜਾਂ ਘਟਨਾ ਦਾ ਵਰਣਨ ਕਰਨ ਲਈ ਪਾਠ ਵਿੱਚ ਵੇਰਵੇ ਅਤੇ ਉਦਾਹਰਨਾਂ ਦੀ ਵਰਤੋਂ ਕਰਨੀ
- ਵਿਆਖਿਆ ਕਰਨ ਦੇ ਉੱਤਮ ਪੁਰਖ (ਜਿਵੇਂ ਕਿ, *I said)* ਅਤੇ ਅੱਨ ਪੁਰਖ (ਜਿਵੇਂ ਕਿ, *She said*) ਸ਼ੈਲੀਆਂ ਦੀ ਵਰਤੋਂ ਕਰਨੀ
- ਸਾਹਿਤਿਕ ਅਤੇ ਜਾਣਕਾਰੀ ਵਾਲੇ ਪਾਠ ਪੜ੍ਹਨੇ ਅਤੇ ਸਮਝਣੇ

ਪੜ੍ਹਨਾ: ਬੁਨਿਆਦੀ ਹੁਨਰ

- ਗ੍ਰੇਡ ਪੱਧਰ ਦੇ ਧੁਨੀਗ੍ਰਾਮਾਂ ਅਤੇ ਸ਼ਬਦ ਵਿਸ਼ਲੇਸ਼ਣ ਦੇ ਹੁਨਰਾਂ ਨੂੰ ਵਰਤਣਾ
    - ਧਾਤੂ ਸ਼ਬਦ, ਅਗੇਤਰ, ਅਤੇ ਪਿਛੇਤਰ
- ਇੱਕ ਤੋਂ ਵੱਧ ਉਚਾਰਖੰਡਾਂ ਵਾਲੇ ਸ਼ਬਦ ਪੜ੍ਹਨੇ
- ਸਹੀ-ਸਹੀ ਅਤੇ ਸਮਝ ਦੇ ਨਾਲ ਪੜ੍ਹਨਾ

ਲਿਖਣਾ

- ਰਾਇ ਵਾਲੀਆਂ ਰਚਨਾਵਾਂ ਲਿਖਣੀਆਂ ਜਿਨ੍ਹਾਂ ਵਿੱਚ ਕਿਸੇ ਰਾਇ ਦੇ ਨਾਲ ਸਬੰਧਤ ਸਿੱਟਾ ਹੋਵੇ
- ਜਾਣਕਾਰੀ ਵਾਲੀਆਂ ਰਚਨਾਵਾਂ ਲਿਖਣੀਆਂ ਜੋ ਸਬੰਧਤ ਵਿਚਾਰਾਂ ਨੂੰ ਪੈਰਿਆਂ ਅਤੇ ਹਿੱਸਿਆਂ ਵਿੱਚ ਵੰਡਣ, ਅਤੇ ਸਿੱਟਾ ਮੁਹੱਈਆ ਕਰਨ
- ਬਿਰਤਾਂਤ ਲਿਖਣੇ ਜੋ ਵਿਆਖਿਆਕਾਰ ਅਤੇ ਪਾਤਰਾਂ ਨਾਲ ਜਾਣ-ਛਾਣ ਕਰਾਏ; ਇਸ ਬਾਰੇ ਲਿਖਣਾ ਕਿ ਦੂਜੇ ਪਾਤਰ ਕੀ ਕਹਿੰਦੇ, ਮਹਿਸੂਸ ਕਰਦੇ ਅਤੇ ਸੋਚਦੇ ਹਨ; ਸੰਵੇਦੀ ਵੇਰਵੇ ਨੂੰ ਵਰਤਣਾ
    - ਨਜ਼ਰ, ਆਵਾਜ਼, ਗੰਧ
- ਅਜਿਹੀ ਲੇਖਣੀ ਤਿਆਰ ਕਰਨੀ ਜੋ ਵਿਕਸਿਤ, ਕੇਂਦ੍ਰਿਤ, ਸੰਗਠਿਤ ਅਤੇ ਸੰਪਾਦਿਤ ਹੋਵੇ
- ਛੋਟੀ ਖੋਜ ਰਚਨਾ ਲਿਖਣੀ

ਬੋਲਣਾ ਅਤੇ ਸੁਣਨਾ

- ਚਰਚਾਵਾਂ ਦੇ ਵਿੱਚ ਹਿੱਸਾ ਲੈਣਾ, ਸੌਂਪੀਆਂ ਗਈਆਂ ਭੂਮਿਕਾਵਾਂ ਪੂਰੀਆਂ ਕਰਨੀਆਂ
- ਪੇਸ਼ ਕੀਤੀ ਗਈ ਜਾਣਕਾਰੀ ਦੇ ਹਿੱਸਿਆਂ ਦੀ ਉੱਚੀ ਆਵਾਜ਼ ਵਿੱਚ ਵਿਆਖਿਆ ਕਰਨੀ
- ਨਿੱਜੀ ਤਜਰਬੇ ਦੇ ਅਧਾਰ ਤੇ ਯੋਜਨਾ ਬਣਾਉਣੀ ਅਤੇ ਪੇਸ਼ਕਾਰੀ ਦੇਣੀ
- ਸਾਫ-ਸਾਫ, ਪੂਰੇ ਵਾਕਾਂ ਵਿੱਚ, ਅਤੇ ਢੁਕਵੀਂ ਰਫਤਾਰ ਤੇ ਬੋਲਣਾ

ਭਾਸ਼ਾ

- ਸਹੀ ਵਿਆਕਰਣ ਦੀ ਵਰਤੋਂ ਕਰਨੀ
- ਪੂਰੇ ਵਾਕਾਂ ਦੀ ਵਰਤੋਂ ਕਰਨੀ
- ਅਕਸਰ ਉਲਝਣ ਵਿੱਚ ਪਾਉਣ ਵਾਲੇ ਸ਼ਬਦਾਂ ਦੀ ਸਹੀ ਵਰਤੋਂ
    - To, two, too
    - There, their, they're

T11-407 – Punjabi – Arial Unicode MS font
40 pages

- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਗ੍ਰੇਡ ਪੱਧਰ ਦੇ ਸ਼ਬਦਾਂ ਦੇ ਸਹੀ ਸ਼ਬਦ-ਜੋੜ ਦੱਸਣੇ
- ਜਾਣਨਾ ਕਿ ਰਸਮੀ ਅੰਗ੍ਰੇਜ਼ੀ ਦੀ ਵਰਤੋਂ ਕਦੋਂ ਕਰਨੀ ਹੈ, ਅਤੇ ਕਦੋਂ ਗੈਰ-ਰਸਮੀ ਅੰਗ੍ਰੇਜ਼ੀ ਢੁਕਵੀਂ ਹੁੰਦੀ ਹੈ

T11-407 – Punjabi – Arial Unicode MS font
40 pages

# ਗ੍ਰੇਡ 5 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਪੰਜਵੇਂ ਗ੍ਰੇਡ ਦੇ ਵਿਦਿਆਰਥੀ ਅਗਿਆਤ ਸ਼ਬਦਾਂ ਦਾ ਮਤਲਬ ਨਿਰਧਾਰਤ ਕਰਨ ਲਈ ਧਾਤੂ ਸ਼ਬਦਾਂ, ਅਗੇਤਰਾਂ, ਅਤੇ ਪਿਛੇਤਰਾਂ ਦੀ ਵਰਤੋਂ ਕਰਦੇ ਹੋਏ ਆਪਣੀ ਲੰਬੇ ਸ਼ਬਦਾਂ ਨੂੰ ਪੜ੍ਹਨ ਦੀ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ। ਵਿਦਿਆਰਥੀ ਵਿਆਖਿਆ ਕਰਦੇ ਹਨ ਕਿ ਲੇਖਕ ਪਾਠ ਵਿੱਚ ਰਾਇ ਦਾ ਸਮਰਥਨ ਕਿਵੇਂ ਕਰਦਾ ਹੈ। ਉਹ ਕਿਸੇ ਪਾਠ ਦਾ ਹਵਾਲਾ ਦਿੰਦੇ ਸਮੇਂ ਉਕਤੀਆਂ ਦੀ ਸਹੀ-ਸਹੀ ਵਰਤੋਂ ਕਰਦੇ ਹਨ। ਲਿਖਦੇ ਸਮੇਂ ਵਿਦਿਆਰਥੀ ਸਰੋਤਿਆਂ ਨੂੰ ਮਨ ਵਿੱਚ ਰੱਖਦੇ ਹਨ ਅਤੇ ਘਟਨਾਵਾਂ ਦਾ ਸਪੱਸ਼ਟ ਕ੍ਰਮ ਸ਼ਾਮਲ ਕਰਦੇ ਹਨ। ਵਿਦਿਆਰਥੀ ਕਿਸੇ ਬੁਲਾਰੇ ਜਾਂ ਮੀਡੀਆ ਸ੍ਰੋਤ ਨੂੰ ਸੁਣਦੇ ਹਨ ਅਤੇ ਖਾਸ ਬਿੰਦੂਆਂ ਦੇ ਸਮਰਥਨ ਵਿੱਚ ਮੁਹੱਈਆ ਕੀਤੇ ਗਏ ਤਰਕ ਅਤੇ ਸਬੂਤ ਪਛਾਣਦੇ ਹਨ। ਉਹ ਗੁੰਮਰਾਹਕੁੰਨ ਵਿਚਾਰਾਂ ਨੂੰ ਪਛਾਣਦੇ ਅਤੇ ਉਹਨਾਂ ਤੇ ਚਰਚਾ ਕਰਦੇ ਹਨ।

ਪੜ੍ਹਨਾ

- ਕਿਸੇ ਪਾਠ ਦਾ ਸੰਦਰਭ ਦਿੰਦੇ ਸਮੇਂ ਸਹੀ-ਸਹੀ ਹਵਾਲਾ ਦੇਣਾ
- ਮੁੱਖ ਵਿਚਾਰ ਨਿਰਧਾਰਤ ਕਰਦੇ ਹਨ ਅਤੇ ਪਾਠ ਦਾ ਸਾਰ ਦੇਣਾ
- ਪਾਠਾਂ ਦੀ ਤੁਲਨਾ ਕਰਨੀ ਅਤੇ ਉਹਨਾਂ ਵਿੱਚ ਫਰਕ ਦੱਸਣਾ
- ਵਿਆਖਿਆ ਕਰਨੀ ਕਿ ਕੋਈ ਲੇਖਕ ਪਾਠ ਵਿਚਲੇ ਖਾਸ ਬਿੰਦੂਆਂ ਦੇ ਸਮਰਥਨ ਲਈ ਤਰਕ ਜਾਂ ਸਬੂਤ ਦੀ ਵਰਤੋਂ ਕਿਵੇਂ ਕਰਦਾ ਹੈ

ਪੜ੍ਹਨਾ: ਬੁਨਿਆਦੀ ਹੁਨਰ

- ਗ੍ਰੇਡ ਪੱਧਰ ਦੇ ਧੁਨੀਗ੍ਰਾਮਾਂ ਅਤੇ ਸ਼ਬਦ ਵਿਸ਼ਲੇਸ਼ਣ ਦੇ ਹੁਨਰਾਂ ਨੂੰ ਵਰਤਣਾ
    - ਧਾਤੂ ਸ਼ਬਦ, ਅਗੇਤਰ, ਅਤੇ ਪਿਛੇਤਰ
- ਸਹੀ-ਸਹੀ ਅਤੇ ਰਵਾਨਗੀ ਨਾਲ ਪੜ੍ਹਨਾ

ਲਿਖਣਾ

- ਰਾਇ ਵਾਲੀਆਂ ਰਚਨਾਵਾਂ ਲਿਖਣੀਆਂ ਜੋ ਤਰਕ ਅਤੇ ਜਾਣਕਾਰੀ ਨਾਲ ਦ੍ਰਿਸ਼ਟੀਕੋਣ ਦਾ ਸਮਰਥਨ ਕਰਨ
- ਜਾਣਕਾਰੀ ਵਾਲੇ ਪਾਠ ਲਿਖਣੇ ਜੋ ਵਿਚਾਰਾਂ ਅਤੇ ਜਾਣਕਾਰੀ ਨੂੰ ਸਾਂਝਾ ਕਰਨ
- ਬਿਰਤਾਂਤ ਲਿਖਣੇ ਜੋ ਸਬੰਧਤ ਵਿਆਖਿਆਤਮਕ ਵੇਰਵੇ ਅਤੇ ਘਟਨਾਵਾਂ ਦੇ ਸਪੱਸ਼ਟ ਘਟਨਾਕ੍ਰਮ ਦੀ ਵਰਤੋਂ ਕਰਨ
- ਉਦੇਸ਼ ਦੇ ਨਾਲ ਸਾਫ-ਸਾਫ ਲਿਖਣਾ; ਸਰੋਤਿਆਂ ਨੂੰ ਮਨ ਵਿੱਚ ਰੱਖਣਾ
- ਲਿਖਤੀ ਕੰਮ ਨੂੰ ਪ੍ਰਕਾਸ਼ਿਤ ਕਰਨ ਲਈ ਟੈਕਨਾਲੋਜੀ ਦੀ ਵਰਤੋਂ ਕਰਨੀ; ਇੱਕੋ ਵਾਰ ਵਿੱਚ ਦੋ ਪੰਨੇ ਟਾਈਪ ਕਰਨੇ

ਬੋਲਣਾ ਅਤੇ ਸੁਣਨਾ

- ਪੇਸ਼ ਕੀਤੀ ਗਈ ਜਾਣਕਾਰੀ ਦਾ ਸਾਰ ਕੱਢਣਾ
- ਕਿਸੇ ਬੁਲਾਰੇ ਜਾਂ ਮੀਡੀਆ ਸਰੋਤ ਦੁਆਰਾ ਕਿਸੇ ਖਾਸ ਬਿੰਦੂਆਂ ਦੇ ਸਮਰਥਨ ਵਿੱਚ ਮੁਹੱਈਆ ਕੀਤੇ ਗਏ ਤਰਕਾਂ ਅਤੇ ਸਬੂਤਾਂ ਨੂੰ ਪਛਾਣਨਾ
- ਗੁੰਮਰਾਹਕੁੰਨ ਵਿਚਾਰਾਂ ਨੂੰ ਪਛਾਣਨਾ ਅਤੇ ਉਹਨਾਂ ਤੇ ਚਰਚਾ ਕਰਨੀ
- ਭਾਸ਼ਣ ਦੀ ਯੋਜਨਾ ਬਣਾਉਣੀ ਅਤੇ ਦੇਣਾ
- ਯਾਦ ਕੀਤੀ ਕਵਿਤਾ ਜਾਂ ਭਾਸ਼ਣ ਦਾ ਹਿੱਸਾ ਸੁਣਾਉਣਾ
- ਪ੍ਰਗਾਟਾਵਾਂ ਅਤੇ ਸਰੀਰਕ ਸੰਕੇਤਾਂ ਦੀ ਵਰਤੋਂ ਕਰਨੀ

ਭਾਸ਼ਾ

- ਸਹੀ ਵਿਆਕਰਣ ਦੀ ਵਰਤੋਂ ਕਰਨੀ
- ਕਿਰਿਆ ਦੀ ਸਹੀ ਵਰਤੋਂ ਕਰਨੀ
    - Yesterday I *walked*
    - Today I *walk*
    - Tomorrow I *will walk*

T11-407 – Punjabi – Arial Unicode MS font
40 pages

- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਕਿਸੇ ਲੜੀ/ਸੂਚੀ ਵਿੱਚ ਆਈਟਮਾਂ ਨੂੰ ਵੱਖ ਕਰਨ ਲਈ ਵਿਰਾਮ ਚਿੰਨ੍ਹਾਂ ਦੀ ਵਰਤੋਂ ਕਰਨੀ
- ਸਿਰਲੇਖ ਵਿੱਚ ਹੇਠਾਂ ਲਕੀਰ, ਪ੍ਰਮਾਣ ਚਿੰਨ੍ਹਾਂ, ਜਾਂ ਟੇਢੇ ਅੱਖਰਾਂ ਦੀ ਵਰਤੋਂ ਕਰਨੀ
- ਵਾਕ ਦੀ ਲੰਬਾਈ ਅਤੇ ਸ਼ੈਲੀ ਨੂੰ ਬਦਲਣਾ
- ਸਾਹਿਤ ਵਿੱਚ ਵਰਤੀਆਂ ਗਈਆਂ ਸ਼ੈਲੀਆਂ ਦੀ ਤੁਲਨਾ ਕਰਨੀ ਅਤੇ ਫਰਕ ਦੱਸਣਾ
- ਕਿਸੇ ਅਗਿਆਤ ਸ਼ਬਦ ਦਾ ਮਤਲਬ ਨਿਰਧਾਰਤ ਕਰਨ ਲਈ ਕਈ ਵੱਖ-ਵੱਖ ਤਰੀਕਿਆਂ ਦੀ ਵਰਤੋ ਕਰਨੀ

T11-407 – Punjabi – Arial Unicode MS font
40 pages

## ਗ੍ਰੇਡ 6 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਛੇਵੇਂ ਗ੍ਰੇਡ ਦੇ ਵਿਦਿਆਰਥੀ ਨਿੱਜੀ ਰਾਇ ਜਾਂ ਫੈਸਲਿਆਂ ਦੇ ਬਿਨਾਂ ਪੜ੍ਹਨ ਸਮੱਗਰੀ ਦਾ ਸਾਰ ਦਿੰਦੇ ਹਨ। ਉਹ ਕਈ ਤਰ੍ਹਾਂ ਦੀਆਂ ਰਚਨਾਵਾਂ ਲਿਖਦੇ ਹਨ, ਜਿਨ੍ਹਾਂ ਵਿੱਚ ਖੋਜ ਪ੍ਰੋਜੈਕਟ ਸ਼ਾਮਲ ਹਨ, ਅਤੇ ਕੰਮ ਪ੍ਰਕਾਸ਼ਿਤ ਕਰਨ ਲਈ ਟੈਕਨਾਲੋਜੀ ਦੀ ਵਰਤੋਂ ਕਰਦੇ ਹਨ। ਪੇਸ਼ ਕਰਦੇ ਸਮੇਂ, ਵਿਦਿਆਰਥੀ ਵਰਣਨਾਂ, ਤੱਥਾਂ, ਅਤੇ ਵੇਰਵੇ ਨੂੰ ਤਰਕਪੂਰਨ ਕ੍ਰਮ ਵਿੱਚ ਰੱਖਦੇ ਹਨ।

ਪੜ੍ਹਨਾ

- ਮੁੱਖ ਵਿਚਾਰ ਅਤੇ ਸਮਰਥਨ ਦੇਣ ਵਾਲਾ ਵੇਰਵਾ ਨਿਰਧਾਰਤ ਕਰਨਾ
- ਨਿੱਜੀ ਰਾਇ ਜਾਂ ਫੈਸਲਿਆਂ ਦੇ ਬਿਨਾਂ ਸਾਰ ਮੁਹੱਈਆ ਕਰਨਾ
- ਨਿਰਧਾਰਤ ਕਰਨਾ ਕਿ ਕਿਸੇ ਪਾਠ ਦਾ ਢਾਂਚਾ ਮੁੱਖ ਵਿਚਾਰ ਵਿੱਚ ਕਿਵੇਂ ਯੋਗਦਾਨ ਪਾਉਂਦਾ ਹੈ
- ਕਿਸੇ ਲੇਖਕ ਦਾ ਦ੍ਰਿਸ਼ਟੀਕੋਣ ਨਿਰਧਾਰਤ ਕਰਨਾ
- ਵਿਆਖਿਆ ਕਰਨੀ ਕਿ ਵਿਆਖਿਆਕਾਰ ਜਾਂ ਬੁਲਾਰੇ ਦਾ ਦ੍ਰਿਸ਼ਟੀਕੋਣ ਕਿਵੇਂ ਵਿਕਸਿਤ ਕੀਤਾ ਜਾਂਦਾ ਹੈ
- ਕਿਸੇ ਪਾਠ ਵਿੱਚ ਤੱਥ, ਰਾਇ, ਤਰਕ ਭਰੇ ਫੈਸਲੇ, ਅਤੇ ਅੰਦਾਜ਼ੇ ਵਿਚਕਾਰ ਫਰਕ ਸਮਝਣਾ
- ਗ੍ਰੇਡ ਪੱਧਰ ਦੇ ਸਾਹਿਤ ਅਤੇ ਗੈਰ-ਕਾਲਪਨਿਕ ਸਾਹਿਤ ਨੂੰ ਪੜ੍ਹਨਾ ਅਤੇ ਸਮਝਣਾ

ਲਿਖਣਾ

- ਸਪੱਸ਼ਟ ਕਾਰਨਾਂ ਅਤੇ ਸਬੰਧਤ ਸਬੂਤਾਂ ਦੇ ਨਾਲ ਦਾਅਵਿਆਂ ਦੇ ਸਮਰਥਨ ਵਿੱਚ ਦਲੀਲਾਂ ਲਿਖਣੀਆਂ
- ਜਾਣਕਾਰੀ ਵਾਲੇ ਪਾਠ ਲਿਖਣੇ ਜੋ ਵਿਸ਼ੇ ਦੀ ਜਾਂਚ ਕਰਨ ਅਤੇ ਵਿਚਾਰ ਵਿਅਕਤ ਕਰਨ
- ਬਿਰਤਾਂਤ ਲਿਖਣੇ ਜਿਨ੍ਹਾਂ ਵਿੱਚ ਸਬੰਧਤ ਵਰਣਾਤਮਕ ਵੇਰਵੇ ਅਤੇ ਨਾਲ ਸਹੀ ਢਾਂਚੇ ਵਾਲੇ ਘਟਨਾ-ਕ੍ਰਮ ਸ਼ਾਮਲ ਹੋਣ
- ਛੋਟੇ ਖੋਜ ਪ੍ਰੋਜੈਕਟ ਪੂਰੇ ਕਰਨੇ ਅਤੇ ਜਾਂਚ ਨੂੰ ਲੋੜ ਅਨੁਸਾਰ ਮੁੜ-ਕੇਂਦ੍ਰਿਤ ਕਰਨਾ
- ਲਿਖਤੀ ਕੰਮ ਨੂੰ ਤਿਆਰ ਕਰਨ ਅਤੇ ਪ੍ਰਕਾਸ਼ਿਤ ਕਰਨ ਲਈ ਟੈਕਨਾਲੋਜੀ ਦੀ ਵਰਤੋਂ ਕਰਨੀ; ਇੱਕੋ ਵਾਰ ਵਿੱਚ ਤਿੰਨ ਪੰਨੇ ਟਾਈਪ ਕਰਨੇ

ਬੋਲਣਾ ਅਤੇ ਸੁਣਨਾ

- ਚਰਚਾਵਾਂ ਵਿੱਚ ਹਿੱਸਾ ਲੈਣਾ, ਇੱਕ-ਨਾਲ-ਇੱਕ ਅਤੇ ਸਮੂਹ ਦੇ ਨਾਲ, ਦੋਵਾਂ ਵਿੱਚ
- ਬੁਲਾਰੇ ਦੀ ਦਲੀਲ ਵਿੱਚ ਤਰਕਾਂ ਅਤੇ ਸਬੂਤਾਂ ਦੇ ਸਮਰਥਨ ਨਾਲ ਦਾਅਵੇ ਲੱਭਣੇ
- ਜਾਣਕਾਰੀ ਵਾਲੀ ਪੇਸ਼ਕਾਰੀ ਦੀ ਯੋਜਨਾ ਬਣਾਉਣੀ ਅਤੇ ਦੇਣੀ
- ਪੇਸ਼ ਕਰਦੇ ਸਮੇਂ, ਵਰਣਨਾਂ, ਤੱਥਾਂ, ਅਤੇ ਵੇਰਵੇ ਨੂੰ ਤਰਕਪੂਰਨ ਕ੍ਰਮ ਵਿੱਚ ਰੱਖਣਾ

ਭਾਸ਼ਾ

- ਸਹੀ ਵਿਆਕਰਣ ਅਤੇ ਭਾਸ਼ਾ ਦੀ ਵਰਤੋਂ ਕਰਨੀ
- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਅਗਿਆਤ ਸ਼ਬਦ ਦਾ ਮਤਲਬ ਨਿਰਧਾਰਤ ਕਰਨ ਲਈ ਕਈ ਵੱਖ-ਵੱਖ ਤਰੀਕਿਆਂ ਦੀ ਵਰਤੋ ਕਰਨੀ
- ਮਿਲਦੇ-ਜੁਲਦੇ ਮਤਲਬ ਵਾਲੇ ਸ਼ਬਦਾਂ ਦੇ ਵਿਚਕਾਰ ਫਰਕ ਕਰਨਾ
    - Stingy, economical, thrifty

T11-407 – Punjabi – Arial Unicode MS font
40 pages

# ਗ੍ਰੇਡ 7 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਸੱਤਵੇਂ ਗ੍ਰੇਡ ਦੇ ਵਿਦਿਆਰਥੀ ਗ੍ਰੇਡ ਪੱਧਰ ਦੇ ਗੈਰ-ਕਾਲਪਨਿਕ ਸਾਹਿਤ ਨੂੰ ਪੜ੍ਹਦੇ ਅਤੇ ਸਮਝਦੇ ਹਨ। ਉਹ ਕਾਲਪਨਿਕ ਅਤੇ ਇਤਿਹਾਸਕ ਬਿਰਤਾਂਤਾਂ ਦੀ ਤੁਲਨਾ ਕਰਦੇ ਅਤੇ ਉਹਨਾਂ ਵਿੱਚ ਫਰਕ ਦੱਸਦੇ ਹਨ। ਵਿਦਿਆਰਥੀ ਦਾਅਵਿਆਂ ਦਾ ਸਮਰਥਨ ਕਰਨ ਲਈ ਸੰਗਠਿਤ ਦਲੀਲਾਂ ਬਣਾਉਂਦੇ ਹੋਏ, ਕਈ ਤਰ੍ਹਾਂ ਦੀਆ ਰਚਨਾਵਾਂ ਲਿਖਦੇ ਹਨ। ਖੋਜ ਪ੍ਰੋਜੈਕਟ ਲਿਖਦੇ ਸਮੇਂ, ਵਿਦਿਆਰਥੀ ਅਗਲੇਰੀ ਖੋਜ ਲਈ ਵਾਧੂ ਪ੍ਰਸ਼ਨ ਇਕੱਠੇ ਕਰਦੇ ਹਨ। ਪੇਸ਼ ਕਰਦੇ ਸਮੇਂ ਉਹ ਅੱਖਾਂ ਦਾ ਸੰਪਰਕ, ਢੁਕਵੀਂ ਆਵਾਜ਼, ਅਤੇ ਸਪੱਸ਼ਟ ਉਚਾਰਨ ਦੀ ਵਰਤੋਂ ਕਰਦੇ ਹਨ।

ਪੜ੍ਹਨਾ

- ਵਿਆਖਿਆ ਕਰਨੀ ਕਿ ਪਾਠ ਕੀ ਕਹਿੰਦਾ ਹੈ ਅਤੇ ਸਿੱਟੇ ਕੱਢਣੇ
- ਪਾਠ ਦੇ ਮੁੱਖ ਵਿਚਾਰ, ਅਤੇ ਇਹ ਨਿਰਧਾਰਤ ਕਰਨਾ ਕਿ ਉਹ ਕਿਵੇਂ ਵਿਕਸਿਤ ਹੁੰਦੇ ਹਨ
- ਵਿਸ਼ਲੇਸ਼ਣ ਕਰਨਾ ਕਿ ਕਿਸੇ ਮਾਹੌਲ ਜਾਂ ਕਹਾਣੀ ਦੇ ਤੱਤ ਕਥਾ-ਵਸਤੂ ਨੂੰ ਕਿਵੇਂ ਆਕਾਰ ਦਿੰਦੇ ਹਨ
- ਵਿਸ਼ਲੇਸ਼ਣ ਕਰਨਾ ਕਿ ਲੇਖਕ ਆਪਣੇ ਦ੍ਰਿਸ਼ਟੀਕੋਣ ਨੂੰ ਕਿਵੇਂ ਵਿਕਸਿਤ ਕਰਦਾ ਹੈ ਜਾਂ ਪਾਤਰਾਂ ਜਾਂ ਵਿਆਖਿਆਕਾਰ ਦੇ ਦ੍ਰਿਸ਼ਟੀਕੋਣ ਤੋਂ ਕਿਵੇਂ ਵੱਖਰਾ ਕਰਦਾ ਹੈ
- ਪਾਠ ਦੇ ਢਾਂਚੇ ਦਾ ਵਿਸ਼ਲੇਸ਼ਣ ਕਰਨਾ
    - ਚਿੱਤਰਣ ਸਬੰਧੀ, ਸਿਰਲੇਖ, ਅਤੇ ਸੀਰਸ਼ਕ

- ਕਾਲਪਨਿਕ ਅਤੇ ਇਤਿਹਾਸਕ ਬਿਰਤਾਂਤਾ ਦੀ ਤੁਲਨਾ ਕਰਨੀ ਅਤੇ ਉਹਨਾਂ ਵਿੱਚ ਫਰਕ ਦੱਸਣਾ
- ਉਸ ਹੱਦ ਦਾ ਮੁਲਾਂਕਣ ਕਰਨਾ ਜਿਸ ਤਕ ਕਿਸੇ ਪਾਠ ਵਿੱਚ ਤਰਕ ਅਤੇ ਸਬੂਤ ਲੇਖਕ ਦੇ ਦਾਅਵਿਆਂ ਦਾ ਸਮਰਥਨ ਕਰਦੇ ਹਨ
- ਗ੍ਰੇਡ ਪੱਧਰ ਦੇ ਸਾਹਿਤ ਅਤੇ ਗੈਰ-ਕਾਲਪਨਿਕ ਸਾਹਿਤ ਨੂੰ ਪੜ੍ਹਨਾ ਅਤੇ ਸਮਝਣਾ

ਲਿਖਣਾ

- ਸਪੱਸ਼ਟ ਕਾਰਨਾਂ ਅਤੇ ਸਬੰਧਤ ਸਬੂਤਾਂ ਦੇ ਨਾਲ ਦਾਅਵਿਆਂ ਦੇ ਸਮਰਥਨ ਵਿੱਚ ਦਲੀਲਾਂ ਲਿਖਣੀਆਂ
- ਜਾਣਕਾਰੀ ਵਾਲੇ ਪਾਠ ਲਿਖਣੇ ਜੋ ਵਿਸ਼ੇ ਦੀ ਜਾਂਚ ਕਰਨ ਅਤੇ ਵਿਚਾਰ ਵਿਅਕਤ ਕਰਨ
- ਬਿਰਤਾਂਤ ਲਿਖਣੇ ਜਿਨ੍ਹਾਂ ਵਿੱਚ ਸਬੰਧਤ ਵਰਣਾਤਮਕ ਵੇਰਵੇ ਅਤੇ ਨਾਲ ਸਹੀ ਢਾਂਚੇ ਵਾਲੇ ਘਟਨਾ-ਕ੍ਰਮ ਸ਼ਾਮਲ ਹੋਣ
- ਖੋਜ ਪ੍ਰੋਜੈਕਟ ਕਰਨੇ ਅਤੇ ਜਾਂਚ ਅਧੀਨ ਵਿਸ਼ੇ ਦੀ ਸਮਝ ਦੀ ਵਿਆਖਿਆ ਕਰਨੀ
- ਲਿਖਤੀ ਕੰਮ ਤਿਆਰ ਕਰਨ ਅਤੇ ਪ੍ਰਕਾਸ਼ਿਤ ਕਰਨ ਲਈ ਟੈਕਨਾਲੋਜੀ ਦੀ ਵਰਤੋਂ ਕਰਨੀ; ਹਵਾਲਿਆਂ ਅਤੇ ਕੜੀਆਂ ਨੂੰ ਸਰੋਤ ਦੇ ਨਾਲ ਜੋੜਨਾ

ਬੋਲਣਾ ਅਤੇ ਸੁਣਨਾ

- ਚਰਚਾਵਾਂ ਵਿੱਚ ਹਿੱਸਾ ਲੈਣਾ, ਇੱਕ-ਨਾਲ-ਇੱਕ ਅਤੇ ਸਮੂਹ ਦੇ ਨਾਲ, ਦੋਵਾਂ ਵਿੱਚ
- ਬੁਲਾਰੇ ਦੀ ਦਲੀਲ ਵਿੱਚ ਦਿੱਤੇ ਗਏ ਸਬੂਤ ਦੇ ਤਰਕ ਅਤੇ ਸਬੰਧ ਦਾ ਮੁਲਾਂਕਣ ਕਰਨਾ
- ਦਲੀਲ ਦੀ ਯੋਜਨਾ ਬਣਾਉਣੀ ਅਤੇ ਪੇਸ਼ ਕਰਨੀ
- ਪੇਸ਼ ਕਰਦੇ ਸਮੇਂ ਅੱਖਾਂ ਦਾ ਸੰਪਰਕ, ਢੁਕਵੀਂ ਆਵਾਜ਼, ਅਤੇ ਸਪੱਸ਼ਟ ਉਚਾਰਨ ਦੀ ਵਰਤੋਂ ਕਰਨੀ

ਭਾਸ਼ਾ

- ਸਹੀ ਵਿਆਕਰਣ ਅਤੇ ਭਾਸ਼ਾ ਦੀ ਵਰਤੋਂ ਕਰਨੀ
- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਅਗਿਆਤ ਸ਼ਬਦ ਦਾ ਮਤਲਬ ਨਿਰਧਾਰਤ ਕਰਨ ਲਈ ਕਈ ਵੱਖ-ਵੱਖ ਤਰੀਕਿਆਂ ਦੀ ਵਰਤੋ ਕਰਨੀ
- ਸ਼ਬਦਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਾਸਤੇ ਸ਼ਬਦਾਂ ਦੇ ਵਿਚਕਾਰ ਸਬੰਧਾਂ ਦੀ ਵਰਤੋਂ ਕਰਨੀ
    - ਸਮਾਨਾਰਥੀ: ਕੋਈ ਸ਼ਬਦ ਜਿਸਦਾ ਉਹੀ ਅਰਥ ਹੁੰਦਾ ਹੈ
    - ਵਿਪਰੀਤ ਸ਼ਬਦ: ਕੋਈ ਸ਼ਬਦ ਜਿਸਦਾ ਉਲਟਾ ਅਰਥ ਹੁੰਦਾ ਹੈ

T11-407 – Punjabi – Arial Unicode MS font
40 pages

## ਗ੍ਰੇਡ 8 ਸੰਖੇਪ ਜਾਣਕਾਰੀ | ਇੰਗਲਿਸ਼-ਲੈਂਗਵੇਜ਼ ਆਰਟਸ

ਅੱਠਵੇਂ ਗ੍ਰੇਡ ਦੇ ਵਿਦਿਆਰਥੀ ਸਾਹਿਤ ਅਤੇ ਜਾਣਕਾਰੀ ਵਾਲੇ ਪਾਠ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਹਨ। ਉਹ ਪਾਤਰ ਦੇ ਦ੍ਰਿਸ਼ਟੀਕੋਣ ਅਤੇ ਲੇਖਕ ਦੁਆਰਾ ਸੰਵਾਦ ਵਰਤੇ ਜਾਣ ਦੇ ਢੰਗ ਦਾ ਵਿਸ਼ਲੇਸ਼ਣ ਕਰਨ ਲਈ ਚੁਣੇ ਗਏ ਪਾਠ ਵਿੱਚੋਂ ਸਬੂਤ ਵਰਤਦੇ ਹਨ। ਵਿਦਿਆਰਥੀ ਪਾਠ ਦੇ ਆਪਣੇ ਵਿਸ਼ਲੇਸ਼ਣ ਦੇ ਸਮਰਥਨ ਲਈ ਪਾਠ ਵਿੱਚੋਂ ਸੰਦਰਭ ਦਿੰਦੇ ਹਨ ਅਤੇ ਪਛਾਣਦੇ ਹਨ ਕਿ ਢਾਂਚਾ ਹਰੇਕ ਪਾਠ ਦੇ ਮਤਲਬ ਅਤੇ ਸ਼ੈਲੀ ਵਿੱਚ ਕਿਵੇਂ ਯੋਗਦਾਨ ਪਾਉਂਦਾ ਹੈ। ਲਿਖਣ ਦੇ ਕੰਮ ਵਿੱਚ, ਵਿਦਿਆਰਥੀ ਤਜਰਬਿਆਂ ਅਤੇ ਘਟਨਾਵਾਂ ਵਿਚਕਾਰ ਸਬੰਧ ਦਿਖਾਉਂਦੇ ਹਨ।

ਪੜ੍ਹਨਾ

- ਪੜ੍ਹੇ ਗਏ ਕੰਮ ਤੋਂ ਸਿੱਟੇ ਕੱਢਣ ਲਈ ਸਬੂਤਾਂ ਦੀ ਵਰਤੋਂ ਕਰਨੀ
- ਵਿਸ਼ਾ ਅਤੇ ਪਾਤਰਾਂ, ਮਾਹੌਲ, ਅਤੇ ਕਥਾ-ਵਸਤੂ ਦੇ ਨਾਲ ਇਸਦਾ ਸਬੰਧ ਨਿਰਧਾਰਤ ਕਰਨਾ
- ਵਿਸ਼ਲੇਸ਼ਣ ਕਰਨਾ ਕਿ ਸੰਵਾਦ ਕਿਸੇ ਪਾਠ ਦੇ ਆਖਰੀ ਰੂਪ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ
- ਪਛਾਣਨਾ ਕਿ ਢਾਂਚਾ ਹਰੇਕ ਪਾਠ ਦੇ ਮਤਲਬ ਅਤੇ ਸ਼ੈਲੀ ਵਿੱਚ ਕਿਵੇਂ ਯੋਗਦਾਨ ਪਾਉਂਦਾ ਹੈ
- ਵਿਸ਼ਲੇਸ਼ਣ ਕਰਨਾ ਕਿ ਪਾਤਰਾਂ ਅਤੇ ਪੜ੍ਹਨ ਵਾਲੇ ਦਾ ਦ੍ਰਿਸ਼ਟੀਕੋਣ ਕਿਵੇਂ ਪ੍ਰਭਾਵ ਪੈਦਾ ਕਰਦਾ ਹੈ ਜਿਵੇਂ ਕਿ ਸ਼ੱਕ ਜਾਂ ਮਜ਼ਾਕ
- ਵਿਰੋਧੀ ਦ੍ਰਿਸ਼ਟੀਕੋਣਾਂ ਬਾਰੇ ਲੇਖਕ ਦੀ ਪ੍ਰਤਿਕਿਰਿਆ ਨਿਰਧਾਰਤ ਕਰਨੀ
- ਸਿੱਟਿਆਂ ਨੂੰ ਜਾਣਕਾਰੀ ਦੇ ਦੂਜੇ ਸਰੋਤ ਨਾਲ ਸਮਰਥਨ ਦੇ ਕੇ ਜਾਂ ਚੁਣੌਤੀ ਦੇ ਕੇ ਲੇਖਕ ਦੀ ਕਹੀ ਗੱਲ ਜਾਂ ਅਨੁਮਾਨ ਦਾ ਮੁਲਾਂਕਣ ਕਰਨਾ
- ਗ੍ਰੇਡ ਪੱਧਰ ਦੇ ਸਾਹਿਤ ਅਤੇ ਗੈਰ-ਕਾਲਪਨਿਕ ਸਾਹਿਤ ਨੂੰ ਪੜ੍ਹਨਾ ਅਤੇ ਸਮਝਣਾ

ਲਿਖਣਾ

- ਸਪੱਸ਼ਟ ਕਾਰਨਾਂ ਅਤੇ ਸਬੰਧਤ ਸਬੂਤਾਂ ਦੇ ਨਾਲ ਦਾਅਵਿਆਂ ਦੇ ਸਮਰਥਨ ਵਿੱਚ ਦਲੀਲਾਂ ਲਿਖਣੀਆਂ
- ਜਾਣਕਾਰੀ ਵਾਲੇ ਪਾਠ ਲਿਖਣੇ ਜੋ ਵਿਸ਼ੇ ਦੀ ਜਾਂਚ ਕਰਨ ਅਤੇ ਵਿਚਾਰ ਵਿਅਕਤ ਕਰਨ
- ਬਿਰਤਾਂਤ ਲਿਖਣੇ ਜੋ ਤਜਰਬਿਆਂ ਅਤੇ ਘਟਨਾਵਾਂ ਦੇ ਵਿਚਕਾਰ ਸਬੰਧ ਦਿਖਾਉਂਦੇ ਹਨ
- ਖੋਜ ਪ੍ਰੋਜੈਕਟ ਕਰਨੇ ਅਤੇ ਜਾਂਚ ਅਧੀਨ ਵਿਸ਼ੇ ਦੀ ਸਮਝ ਦੀ ਵਿਆਖਿਆ ਕਰਨੀ
- ਲਿਖਤੀ ਕੰਮ ਤਿਆਰ ਕਰਨ ਅਤੇ ਪ੍ਰਕਾਸ਼ਿਤ ਕਰਨ ਲਈ ਅਤੇ ਜਾਣਕਾਰੀ ਅਤੇ ਵਿਚਾਰਾਂ ਦੇ ਵਿਚਕਾਰ ਸਬੰਧ ਪੇਸ਼ ਕਰਨ ਲਈ ਟੈਕਨਾਲੋਜੀ ਦੀ ਵਰਤੋਂ ਕਰਨੀ

ਬੋਲਣਾ ਅਤੇ ਸੁਣਨਾ

- ਚਰਚਾਵਾਂ ਵਿੱਚ ਹਿੱਸਾ ਲੈਣਾ, ਇੱਕ-ਨਾਲ-ਇੱਕ ਅਤੇ ਸਮੂਹ ਦੇ ਨਾਲ
- ਜਦੋਂ ਬੁਲਾਰੇ ਦੇ ਦਾਅਵੇ ਵਿੱਚ ਅਸਬੰਧਤ ਸਬੂਤ ਵਰਤਿਆ ਜਾਂਦਾ ਹੈ ਤਾਂ ਪਛਾਣਨਾ
- ਬਿਰਤਾਂਤ ਦੀ ਯੋਜਨਾ ਬਣਾਉਣੀ ਅਤੇ ਪੇਸ਼ ਕਰਨਾ
- ਪੇਸ਼ ਕਰਦੇ ਸਮੇਂ ਅੱਖਾਂ ਦਾ ਸੰਪਰਕ, ਢੁਕਵੀਂ ਆਵਾਜ਼, ਅਤੇ ਸਪੱਸ਼ਟ ਉਚਾਰਨ ਦੀ ਵਰਤੋਂ ਕਰਨੀ

ਭਾਸ਼ਾ

- ਸਹੀ ਵਿਆਕਰਣ ਅਤੇ ਭਾਸ਼ਾ ਦੀ ਵਰਤੋਂ ਕਰਨੀ
- ਸਹੀ ਵੱਡੇ ਅੱਖਰ, ਵਿਰਾਮ ਚਿੰਨ੍ਹਾਂ ਅਤੇ ਸਪੈਲਿੰਗਾਂ ਦੀ ਵਰਤੋਂ ਕਰਨੀ
- ਅਗਿਆਤ ਸ਼ਬਦ ਦਾ ਮਤਲਬ ਨਿਰਧਾਰਤ ਕਰਨ ਲਈ ਕਈ ਵੱਖ-ਵੱਖ ਤਰੀਕਿਆਂ ਦੀ ਵਰਤੋ ਕਰਨੀ
- ਬੋਲੀ ਦੇ ਅਲੰਕਾਰ ਸਮਝਣੇ
    - ਜ਼ੁਬਾਨੀ ਵਿਅੰਗ
    - ਤਾਨਾ

T11-407 – Punjabi – Arial Unicode MS font
40 pages

***[NOTE TO LOCAL EDUCATIONAL AGENCIES (LEAS): As a form of assistance to LEAs, the California Department of Education (CDE) offers this translation free of charge. Because there can be variations in translation, the CDE recommends that LEAs confer with local translators to determine any need for additions or modifications, including the addition of local contact information or local data, or modifications in language to suit the needs of specific language groups in the local community. If you have comments or questions regarding the translation, please e-mail the Clearinghouse for Multilingual Documents (CMD) at cmd@cde.ca.gov.]***